ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ    ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਐਤਵਾਰ 8 ਜੂਨ 2025 • ਸਾਲ 1 • ਅੰਕ 65 • ਪੰਨੇ 8 • Daily online PANJ AAB Newspaper • Germany & India • www.5aab.media



ਨਵੀਂ ਦਿੱਲੀ ਦੀ ਜਾਮਾ ਮਸਜਿਦ ਵਿਖੇ 'ਈਦ-ਉਲ-ਅਜ਼ਹਾ' ਤਿਉਹਾਰ ਦੇ ਮੌਕੇ 'ਤੇ ਲੋਕ 'ਨਮਾਜ਼' ਅਦਾ ਕਰਦੇ ਹੋਏ।

# ਦੇਸ਼ ਭਰ ਵਿੱਚ ਮਨਾਈ ਗਈ ਈਦ-ਉਲ-ਅਜ਼ਹਾ (ਬਕਰੀਦ)

**ਨਵੀਂ ਦਿੱਲੀ।** ਅੱਜ ਦੇਸ਼ ਭਰ ਵਿੱਚ ਈਦ-ਉਲ-ਅਜ਼ਹਾ ਜਾਂ ਬਕਰੀਦ ਦਾ ਤਿਉਹਾਰ ਬਹੁਤ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਖਾਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਲੋਕ ਸਵੇਰ ਦੀ ਨਮਾਜ਼ ਅਦਾ ਕਰਨ ਲਈ ਈਦਗਾਹ ਪਹੁੰਚੇ। ਇਸਲਾਮੀ ਦੁਨੀਆ ਦਾ ਈਦ-ਉੱਲ-ਫਿਤਰ ਤੋਂ ਬਾਅਦ ਦੂਜਾ ਵੱਡਾ ਤਿਉਹਾਰ ਈਦ-ਉੱਲ ਅਜ਼ਹਾ ਹੈ। ਇਸ ਤਿਉਹਾਰ ਦੇ ਵੱਖ ਵੱਖ ਨਾਮ ਈਦ-ਅਲ-ਅਜ਼ਹਾ, ਈਦ-ਅਲ-ਕੁਰਬਾਨ, ਈਦ-ਅਲ-ਅਧਹਾ, ਅਲ-ਈਦ-ਅਲ ਕਬੀਰ (ਵੱਡੀ ਈਦ), ਈਦ-ਅਲ-ਬਕਰ, ਬਕਰੀਦ ਆਦਿ ਵੀ ਪ੍ਰਚਲਿਤ ਹਨ।

ਅਰਬੀ ਭਾਸ਼ਾ ਦੇ ਸ਼ਬਦ 'ਈਦ' ਤੋਂ ਭਾਵ ਦਾਅਵਤ ਜਾਂ ਖੁਸ਼ੀ ਸਾਂਝੀ ਕਰਨਾ, ਪ੍ਰਸੰਨਤਾ ਦਾਇਕ ਖਾਣਾ ਤੇ ਖੁਆਉਣਾ ਆਦਿ ਵੀ ਹਨ। ਅਰਬੀ ਭਾਸ਼ਾ ਦਾ ਹੀ ਸ਼ਬਦ 'ਅਜ਼ਹਾ' ਜਾਂ ਅਧਹਾ ਹੈ ,ਜਿਸ ਤੋਂ ਭਾਵ ਹਲਾਲ ਕਰਨਾ ਜਾਂ ਕੁਰਬਾਨੀ ਕਰਨ ਤੋਂ ਹੈ। ਇਹ ਸ਼ਬਦ ਭਾਵੇਂ ਨਿਰੁਕਤੀ ਤੋਂ ਬੋਲਚਾਲ ਦੀ ਬੋਲੀ ਪੱਖੋਂ ਵੱਖ ਵੱਖ ਹਨ ਪਰ ਸਾਰਿਆਂ ਦਾ ਮਤਲਬ ਹੈ- ਕੁਰਬਾਨੀ ਵਾਲੀ ਈਦ, ਭਾਵ ਆਪਣੇ ਵੱਲੋਂ ਕੀਤੀ ਕੁਰਬਾਨੀ ਦੀ ਖ਼ੁਸ਼ੀ ਨੂੰ ਪਰਿਵਾਰ, ਰਿਸ਼ਤੇਦਾਰ, ਗਰੀਬ ਅਤੇ ਸਮਾਜ ਵਿਚ ਹੋਰ ਲੋੜਵੰਦ ਲੋਕਾਂ ਨਾਲ ਸਾਂਝੀ ਕਰਨਾ ਹੈ।

**ਰਾਸ਼ਟਰਪਤੀ, ਮੋਦੀ ਸਮੇਤ ਹੋਰ ਵੱਡੀਆਂ ਸ਼ਖਸੀਅਤਾਂ ਨੇ ਦਿੱਤੀ ਵਧਾਈ**

ਇਸ ਖਾਸ ਮੌਕੇ 'ਤੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਸਮਾਜਵਾਦੀ ਪਾਰਟੀ ਦੀ ਮੁਖੀ ਅਤੇ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਸਮੇਤ ਦਿੱਗਜ ਨੇਤਾਵਾਂ ਨੇ ਮੁਸਲਿਮ ਭਾਈਚਾਰੇ ਨੂੰ ਵਧਾਈਆਂ ਅਤੇ ਸ਼ੁਭਕਾਮਨਾਵਾਂ ਭੇਜੀਆਂ ਹਨ।

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਈਦ-ਉਲ-ਅਜ਼ਹਾ ਦੀ ਵਧਾਈ ਦਿੱਤੀ

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ, 'ਈਦ-ਉਲ-ਅਜ਼ਹਾ ਦੇ ਸ਼ੁਭ ਮੌਕੇ 'ਤੇ ਮੈਂ ਸਾਰੇ ਦੇਸ਼ ਵਾਸੀਆਂ, ਖਾਸ ਕਰਕੇ ਮੁਸਲਿਮ ਭਰਾਵਾਂ ਅਤੇ ਭੈਣਾਂ ਨੂੰ ਆਪਣੀਆਂ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦੀ ਹਾਂ। ਇਹ ਤਿਉਹਾਰ ਕੁਰਬਾਨੀ, ਵਿਸ਼ਵਾਸ ਅਤੇ ਕਈ ਮਹਾਨ ਆਦਰਸ਼ਾਂ ਦੀ ਮਹੱਤਤਾ ਨੂੰ ਸਮਝਾਉਂਦਾ ਹੈ। ਆਓ ਇਸ ਸ਼ੁਭ ਮੌਕੇ 'ਤੇ ਆਓ ਅਸੀਂ ਸਾਰੇ ਸਮਾਜ ਅਤੇ ਦੇਸ਼ ਲਈ ਸਮਰਪਣ ਦੀ ਭਾਵਨਾ ਨਾਲ ਕੰਮ ਕਰਨ ਦਾ ਪ੍ਰਣ ਲਈਏ।

ਪ੍ਰਧਾਨ ਮੰਤਰੀ ਮੋਦੀ ਨੇ ਈਦ-ਉਲ-ਅਜ਼ਹਾ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਈਦ-ਉਲ-ਅਜ਼ਹਾ ਦੇ ਮੌਕੇ 'ਤੇ ਲੋਕਾਂ ਨੂੰ ਵਧਾਈ ਦਿੱਤੀ। ਪੀਐਮ ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, 'ਈਦ-ਉਲ-ਅਧਾ ਦੀਆਂ ਹਾਰਦਿਕ ਸ਼ੁਭਕਾਮਨਾਵਾਂ। ਇਹ ਤਿਉਹਾਰ ਸਾਡੇ ਸਮਾਜ ਵਿੱਚ ਸ਼ਾਂਤੀ ਦੇ ਤਾਣੇ-ਬਾਣੇ ਨੂੰ ਮਜ਼ਬੂਤ ?ਕਰੇ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰੇ। ਮੈਂ ਸਾਰਿਆਂ ਦੀ ਚੰਗੀ ਸਿਹਤ ਅਤੇ ਖੁਸ਼ਹਾਲੀ ਦੀ ਕਾਮਨਾ ਕਰਦਾ ਹਾਂ।'

# ਸ਼੍ਰੋਮਣੀ ਕਮੇਟੀ ਬਾਦਲਕਿਆਂ ਨੇ ਸਿੱਖ ਕੌਮ ਦੀ ਅਜ਼ਾਦੀ ਦੀ ਆਵਾਜ਼ ਦਬਾਉਣ ਲਈ ਸਪੀਕਰ ਉੱਚੇ ਕਰਕੇ ਕੀਰਤਨ ਨੂੰ ਹਥਿਆਰ ਵਜੋਂ ਵਰਤਿਆ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ




**ਅੰਮ੍ਰਿਤਸਰ/ਬਿਊਰੋ**

ਜੂਨ 1984 ਦੇ ਤੀਜੇ ਘੱਲੂਘਾਰੇ ਦੀ 41ਵੀਂ ਵਰ੍ਹੇਗੰਢ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਸਮਾਗਮ ਦੀ ਸਮਾਪਤੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਬਾਦਲਕਿਆਂ ਨੇ ਸਿੱਖ ਕੌਮ ਦੀ ਅਜ਼ਾਦੀ ਦੀ ਆਵਾਜ਼ ਦੱਬਣ ਲਈ ਸਪੀਕਰ ਬੇਹੱਦ ਉੱਚੇ ਕਰਕੇ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਨੂੰ ਹਥਿਆਰ ਵਜੋਂ ਵਰਤਿਆ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਕਿਹਾ ਸੀ ਕਿ ÷ਜੇ ਦਰਬਾਰ ਸਾਹਿਬ ਉੱਤੇ ਹਮਲਾ ਹੋਇਆ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਤੇ ਫਿਰ ਅਗਲਾ ਸੰਘਰਸ਼ ਵੱਧ ਅਧਿਕਾਰਾਂ ਜਾਂ ਅਨੰਦਪੁਰ ਦੇ ਮਤੇ ਲਈ ਨਹੀਂ, ਬਲਕਿ ਸਿੱਖ ਕੌਮ ਦੇ ਆਜ਼ਾਦ ਘਰ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਹੋਵੇਗਾ।÷ ਘੱਲੂਘਾਰੇ ਤੋਂ ਬਾਅਦ ਖਾਲਿਸਤਾਨ ਦੀ ਸਿਰਜਣਾ ਲਈ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੇ ਜੂਝ ਕੇ ਸ਼ਹਾਦਤਾਂ ਦੇ ਜਾਮ ਪੀਤੇ। ਭਾਰਤ ਸਰਕਾਰ ਨੇ ਖ਼ਾਲਿਸਤਾਨ ਦੇ ਸੰਘਰਸ਼ ਨੂੰ ਖਤਮ ਕਰਨ ਅਤੇ ਦਬਾਉਣ ਲਈ ਹਰ ਹਰਬਾ ਵਰਤਿਆ ਪਰ ਇਹ ਸੰਘਰਸ਼ ਰਾਜਨੀਤਕ, ਜ਼ਮਹੂਰੀਅਤ ਅਤੇ ਲੋਕਤੰਤਰਿਕ ਢੰਗ ਨਾਲ ਅੱਜ ਵੀ ਜਾਰੀ ਹੈ। ਪੰਥਕ/ਖਾਲਿਸਤਾਨੀ ਜਥੇਬੰਦੀਆਂ ਵੱਲੋਂ ਸੈਮੀਨਾਰਾਂ, ਮਾਰਚਾਂ, ਪ੍ਰਦਰਸ਼ਨਾਂ, ਤਕਰੀਰਾਂ, ਬਿਆਨਾਂ ਅਤੇ ਸਮਾਗਮਾਂ ਦੌਰਾਨ ਖ਼ਾਲਿਸਤਾਨ ਦੀ ਆਵਾਜ਼ ਬੁਲੰਦ ਕੀਤੀ ਜਾਂਦੀ ਹੈ ਅਤੇ ਖਾਸ ਕਰਕੇ ਜੂਨ 1984 ਘੱਲੂਘਾਰੇ ਨੂੰ ਯਾਦ ਕਰਦਿਆਂ ਹਰ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਗਜਾ ਕੇ ਸ਼ਹੀਦਾਂ (**ਬਾਕੀ** 2 ਤੇ)

## ਪੰਜਾਬ 'ਚ ਜਾਨਲੇਵਾ ਹੋਣ ਲੱਗਿਆ ਕੋਰੋਨਾ ਸੂਬੇ 'ਚ ਕੋਰੋਨਾ ਨਾਲ ਦੂਜੀ ਮੌਤ, 69 ਸਾਲਾ ਮਹਿਲਾ ਨੇ ਤੋੜਿਆ ਦਮ

**ਚੰਡੀਗੜ੍ਹ।** ਭਾਰਤ ਵਿਚ ਕਰੋਨਾ ਵਾਇਰਸ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਭਾਰਤ ਵਿਚ ਐਕਟਿਵ ਕੋਵਿਡ ਕੇਸਾਂ ਦੀ ਗਿਣਤੀ 5,000 ਦਾ ਅੰਕੜਾ ਪਾਰ ਕਰ ਗਈ ਹੈ। ਇਸ ਵਿੱਚ ਕੇਰਲਾ ਸਭ ਤੋਂ ਵੱਧ ਪ੍ਰਭਾਵਿਤ ਸੂਬਾ ਹੈ, ਉਸ ਤੋਂ ਬਾਅਦ ਗੁਜਰਾਤ, ਪੱਛਮੀ ਬੰਗਾਲ ਅਤੇ ਦਿੱਲੀ ਹਨ।

ਇਧਰ, ਪੰਜਾਬ ਵਿਚ ਵੀ ਇਹ ਵਾਇਰਸ ਲਗਾਤਾਰ ਪੈਰ ਪਸਾਰ ਰਿਹਾ ਹੈ। ਲੁਧਿਆਣਾ ਵਿਚ ਕਰੋਨਾ ਨਾਲ ਦੂਸਰੀ ਮੌਤ ਹੋਈ ਹੈ। 69 ਸਾਲ ਦੀ ਬਜ਼ੁਰਗ ਮਹਿਲਾ ਨੇ ਪੀਜੀਆਈ ਵਿਚ ਦਮ ਤੋੜ ਦਿੱਤਾ। ਇਹ ਔਰਤ ਕੂਮਕਲਾਂ ਦੇ ਪਿੰਡ ਜੋਨੇਵਾਲ ਦੀ ਰਹਿਣ ਵਾਲੀ ਸੀ। ਸਾਰੇ ਸੂਬਿਆਂ ਨੂੰ ਕਰੋਨਾ ਦੇ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਆਕਸੀਜਨ, ਆਈਸੋਲੇਸ਼ਨ ਬੈੱਡ, ਵੈਂਟੀਲੇਟਰਾਂ (**ਬਾਕੀ** 2 ਤੇ)

# ਅੰਮ੍ਰਿਤਸਰ ਵਿੱਚ ਗੈਰ-ਕਾਨੂੰਨੀ ਹਥਿਆਰ ਤਸਕਰੀ ਨੈੱਟਵਰਕ ਦਾ ਪਰਦਾਫ਼ਾਸ਼ ; ਛੇ ਵਿਦੇਸ਼ੀ ਪਿਸਤੌਲਾਂ ਸਮੇਤ ਤਿੰਨ ਗ੍ਰਿਫ਼ਤਾਰ



- **ਆਪਣੇ ਵਕੀਲ ਦੇ ਮੁਨਸ਼ੀ ਰਾਜਨ ਰਾਹੀਂ ਜੇਲ੍ਹ ਚੋਂ ਰੈਕੇਟ ਚਲਾ ਰਿਹਾ ਸੀ ਸਰਗਨਾ ਜੁਗਰਾਜ ਸਿੰਘ : ਡੀਜੀਪੀ ਗੌਰਵ ਯਾਦਵ**
- **ਸਰਹੱਦ ਪਾਰੋਂ ਤਸਕਰੀ ਕੀਤੇ ਗਏ ਜਦੀਦ ਹਥਿਆਰ ਬਰਾਮਦ : ਏ.ਡੀ.ਜੀ.ਪੀ. ਏ.ਐਨ.ਟੀ.ਐਫ. ਨੀਲਾਭ ਕਿਸ਼ੋਰ**

**ਚੰਡੀਗੜ੍ਹ/ਅੰਮ੍ਰਿਤਸਰ** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਗੈਰ-ਕਾਨੂੰਨੀ ਹਥਿਆਰ ਤਸਕਰੀ ਨੈੱਟਵਰਕ ਵਿਰੁੱਧ ਵੱਡੀ ਸਫਲਤਾ ਦਰਜ ਕਰਦਿਆਂ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏ.ਐਨ.ਟੀ.ਐਫ.) ਬਾਰਡਰ ਰੇਂਜ ਅੰਮ੍ਰਿਤਸਰ ਨੇ ਜੇਲ੍ਹ ਵਿੱਚ ਬੰਦ ਸਰਗਨਾ ਜੁਗਰਾਜ ਸਿੰਘ ਦੇ ਤਿੰਨ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਚੋਂ ਛੇ ਆਧੁਨਿਕ ਵਿਦੇਸ਼ੀ ਹਥਿਆਰ ਬਰਾਮਦ ਕੀਤੇ ਹਨ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਭਗਤਾਂਵਾਲਾ ਗੇਟ ਦੇ ਵਸਨੀਕ ਰਾਜਨ; ਅੰਮ੍ਰਿਤਸਰ ਵਿੱਚ ਘੰਨੂਪੁਰ ਦੇ ਹੀਰ ਹਾਲ ਦੇ ਵਾਸੀ ਪਰਮਜੀਤ ਸਿੰਘ; ਅਤੇ ਅੰਮ੍ਰਿਤਸਰ ਵਿੱਚ ਨਰਾਇਣਗੜ੍ਹ ਦੇ ਰਹਿਣ ਵਾਲੇ ਦਿਨੇਸ਼ ਕੁਮਾਰ ਵਜੋਂ ਹੋਈ ਹੈ।

ਬਰਾਮਦ ਕੀਤੇ ਗਏ ਹਥਿਆਰਾਂ ਵਿੱਚ- ਦੋ ਗਲੋਕ 19ਐਕਸ ਪਿਸਤੌਲ (ਆਸਟਰੀਆ ਦੇ ਬਣੇ), ਦੋ .30 ਬੋਰ ਪਿਸਤੌਲ (ਇਟਲੀ ਦੇ ਬਣੇ), ਇੱਕ .30 ਬੋਰ ਸਟਾਰ ਮਾਰਕ ਪਿਸਤੌਲ ਅਤੇ ਇੱਕ ਬਰੇਟਾ .30 ਬੋਰ ਪਿਸਤੌਲ (ਇਟਲੀ ਦਾ ਬਣਿਆ ) ਸ਼ਾਮਲ ਹਨ। ਇਸ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦਾ ਬਿਨਾਂ ਨੰਬਰ ਪਲੇਟ ਵਾਲਾ ਯਾਮਾਹਾ ਆਰ15 ਮੋਟਰਸਾਈਕਲ ਅਤੇ ਬਿਨਾਂ ਨੰਬਰ ਪਲੇਟ ਵਾਲਾ ਹੋਂਡਾ ਗ੍ਰੈਨਿਆ ਸਕੂਟਰ ਵੀ ਜ਼ਬਤ ਕੀਤਾ ਹੈ, ਜਿਸਦੀ ਵਰਤੋਂ ਉਹ ਖੇਪ ਪਹੁੰਚਾਉਣ ਲਈ ਕਰ ਰਹੇ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਅੰਮ੍ਰਿਤਸਰ ਦੇ ਪਿੰਡ ਮੋਡ ਦੇ ਜੁਗਰਾਜ ਸਿੰਘ ਦੇ ਨਿਰਦੇਸ਼ਾਂ ਹੇਠ ਕੰਮ ਕਰ ਰਹੇ ਸਨ, ਜੋ ਇਸ ਸਮੇਂ ਸ੍ਰੀ ਗੋਇੰਦਵਾਲ ਸਾਹਿਬ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਹੈ ਅਤੇ ਆਪਣੇ ਵਕੀਲ ਦੇ ਮੁਨਸ਼ੀ ਰਾਜਨ ਰਾਹੀਂ ਜੇਲ੍ਹ ਅੰਦਰੋਂ ਧੜੱਲੇ ਨਾਲ ਤਸਕਰੀ ਰੈਕੇਟ ਚਲਾ ਰਿਹਾ ਸੀ। ਉਨ੍ਹਾਂ ਕਿਹਾ ਕਿ ਸਰਗਨਾ ਜੁਗਰਾਜ ਸਿੰਘ, ਜੋ ਕਿ ਐਨਡੀਪੀਐਸ ਅਤੇ ਆਰਮਜ਼ ਐਕਟ ਅਧੀਨ ਕਈ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ, ਜੇਲ੍ਹ ਦੇ ਅੰਦਰੋਂ ਪਾਕਿਸਤਾਨੀ ਨਸ਼ਾ ਤਸਕਰਾਂ ਦੇ ਸੰਪਰਕ ਵਿੱਚ ਸੀ।

ਡੀਜੀਪੀ ਨੇ ਕਿਹਾ ਕਿ ਇਹ ਹਥਿਆਰ ਸਰਹੱਦ ਪਾਰੋਂ ਤਸਕਰੀ ਜ਼ਰੀਏ ਲਿਆਂਦੇ ਗਏ ਗਏ ਸਨ ਅਤੇ ਪੰਜਾਬ (**ਬਾਕੀ** 2 ਤੇ)

**ਗ੍ਰਹਿ ਵਿਭਾਗ ਨੇ ਆਦੇਸ਼ ਕੀਤੇ ਜਾਰੀ**

# ਪੰਜਾਬ 'ਚ 85 ਇੰਸਪੈਕਟਰਾਂ ਨੂੰ ਪ੍ਰਮੋਟ ਕਰ ਬਣਾਇਆ ਗਿਆ DSP

**ਚੰਡੀਗੜ੍ਹ।** ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਤੇ ਨਿਆਂ ਵਿਭਾਗ ਨੇ ਪੰਜਾਬ ਪੁਲਿਸ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਤੈਨਾਤ 85 ਇੰਸਪੈਕਟਰਾਂ ਨੂੰ ਡੀਐਸਪੀ ਅਹੁਦੇ 'ਤੇ ਪ੍ਰਮੋਟ ਕੀਤਾ ਹੈ। ਇਹ ਆਦੇਸ਼ 23 ਮਈ 2025 ਨੂੰ ਹੋਈ ਡੀਐਸਪੀ ਦੀ ਸਿਫ਼ਾਰਸ਼ਾਂ ਦੇ ਅਧਾਰ 'ਤੇ ਜਾਰੀ ਕੀਤਾ ਗਿਆ।

ਪ੍ਰੋਮਸ਼ਨ ਪਾਉਣ ਵਾਲੇ ਐਸਏਐਸ ਨਗਰ, ਜਲੰਧਰ, ਫਿਰੋਜ਼ਪੁਰ, ਸੰਗਰੂਰ, ਅੰਮ੍ਰਿਤਸਰ, ਗੁਰਦਾਸਪੁਰ, ਬਠਿੰਡਾ, ਫਰੀਦਕੋਟ, ਮਾਨਸਾ, ਪਟਿਆਲਾ, ਤਰਨਤਾਰਨ ਤੇ ਲੁਧਿਆਣਾ ਸਮੇਤ ਕਈ ਜ਼ਿਲ੍ਹਿਆਂ ਦੇ ਅਧਿਕਾਰੀ ਸ਼ਾਮਲ ਹਨ। ਪ੍ਰੋਮਟ ਕੀਤੇ ਗਏ ਅਧਿਕਾਰੀਆਂ ਨੂੰ ਲੈਵਲ 18 ਪੇਅ ਸਕੇਲ 56100-177500 'ਚ ਤਰੱਕੀ ਦਿੱਤੀ ਗਈ ਹੈ।

ਜਿਨ੍ਹਾਂ ਅਧਿਕਾਰੀਆਂ ਦੇ ਖ਼?ਲਾਫ਼ ਵਿਭਾਗ ਦੀ ਕਾਰਵਾਈ ਚੱਲ ਰਹੀ ਹੈ ਜਾਂ ਜਿਨ੍ਹਾਂ 'ਤੇ ਕੇਸ ਪੈਂਡਿੰਗ ਹਨ, ਉਨ੍ਹਾਂ ਨੂੰ ਤਰੱਕੀ ਦਾ ਲਾਭ ਸਿਰਫ਼ ਕੋਰਟ ਜਾਂ ਸਮਰੱਥ ਅਧਿਕਾਰੀ ਦੀ ਇਜਾਜ਼ਤ ਤੋਂ ਬਾਅਦ ਹੀ ਮਿਲੇਗਾ।

ਕੁੱਝ ਅਧਿਕਾਰੀਆਂ ਦੀ ਪ੍ਰਮੋਸ਼ਨ "ਕਮਾਈ ਗਈ ਸੀਨੀਆਰਤਾ ਦੇ ਅਨੁਸਾਰ ਡੀਐਸਪੀ ਅਹੁਦੇ 'ਤੇ ਨਿਯੁਕਤੀ ਲਈ ਯੋਗਤਾ"ਦੇ ਅਧਾਰ 'ਤੇ ਕੀਤੀ ਗਈ ਹੈ, ਜੋ ਸਮਰੱਥ ਤਾਂ ਸੀ ਪਰ ਸੀਟ (**ਬਾਕੀ** 2 ਤੇ)

## ਦਿੱਲੀ ਦੀ ਸੀਐਮ ਰੇਖਾ ਗੁਪਤਾ ਨੂੰ ਧਮਕੀ ਦੇਣ ਵਾਲਾ ਗ੍ਰਿਫ਼ਤਾਰ



**ਨਵੀਂ ਦਿੱਲੀ।** ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਧਮਕੀ ਦੇਣ ਵਾਲੇ ਵਿਅਕਤੀ ਨੂੰ ਗਾਜ਼ੀਆਬਾਦ ਅਤੇ ਦਿੱਲੀ ਪੁਲਿਸ ਦੀ ਸਾਂਝੀ ਟੀਮ ਨੇ ਗ੍ਰਿਫ਼ਤਾਰ ਕਰ ਲਿਆ ਹੈ। ਦਿੱਲੀ ਦੀ ਮੁੱਖ ਮੰਤਰੀ ਨੂੰ ਧਮਕੀ ਦੇਣ ਦੇ ਆਰੋਪ ਵਿੱਚ ਸ਼ਲੋਕ ਤ੍ਰਿਪਾਠੀ ਨਾਮ ਦੇ ਇੱਕ ਵਿਅਕਤੀ ਨੂੰ ਕੋਤਵਾਲੀ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਦਿੱਲੀ ਪੁਲਿਸ ਨੇ ਆਰੋਪੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਉਸ ਤੋਂ ਪੁੱਛਗਿੱਛ ਕਰ ਰਹੀ ਹੈ। ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਉਸਦਾ ਆਪਣੀ ਪਤਨੀ ਨਾਲ ਝਗੜਾ ਹੋਇਆ ਸੀ ਅਤੇ ਉਸਨੇ ਸ਼ਰਾਬ ਦੇ ਨਸ਼ੇ ਵਿੱਚ ਕਾਲ ਕੀਤੀ ਸੀ।

ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਆਰੋਪੀ ਦੇ ਮੋਬਾਈਲ ਦਾ ਸਿਮ ਕਾਰਡ ਗੋਰਖਪੁਰ ਦੇ ਇੱਕ ਪਤੇ 'ਤੇ ਰਜਿਸਟਰਡ ਸੀ। ਧਮਕੀ ਭਰੀ ਕਾਲ ਕਰਨ ਵਾਲੇ ਆਰੋਪੀ ਦੀ ਲੋਕੇਸ਼ਨ ਕੋਤਵਾਲੀ ਥਾਣਾ ਖੇਤਰ ਦੇ ਪੰਚਵਟੀ ਖੇਤਰ ਵਿੱਚ ਟਰੇਸ ਕੀਤੀ ਗਈ। ਜਿਸ ਤੋਂ ਬਾਅਦ ਪੁਲਿਸ ਕੋਤਵਾਲੀ ਖੇਤਰ ਵਿੱਚ ਪਹੁੰਚੀ ਅਤੇ ਸ਼ਲੋਕ ਤ੍ਰਿਪਾਠੀ ਨੂੰ ਗ੍ਰਿਫਤਾਰ (**ਬਾਕੀ** 2 ਤੇ)

**ਮੁੱਖ ਮੰਤਰੀ ਨੇ ਸਮਾਣਾ ਪਹੁੰਚ ਕੇ ਪੀੜਤ ਪਰਿਵਾਰਾਂ ਨਾਲ ਦੁੱਖ ਵੰਡਾਇਆ**



# ਪਰਿਵਾਰਾਂ ਨੂੰ ਹਰ ਹਾਲ ਵਿੱਚ ਇਨਸਾਫ ਮਿਲੇਗਾ

**ਗੈਰ-ਕਾਨੂੰਨੀ ਮਾਈਨਿੰਗ ਅਤੇ ਓਵਰਲੋਡ ਵਾਹਨਾਂ ਖਿਲਾਫ਼ ਸਖ਼ਤ ਕਾਰਵਾਈ ਦਾ ਐਲਾਨ**

**ਚਾਰ ਮਾਰਗੀ ਹੋਵੇਗੀ ਸਮਾਣਾ-ਪਾਤੜਾਂ ਸੜਕ, ਬੱਚਿਆਂ ਦੀ ਯਾਦ ਵਿੱਚ ਪਾਰਕ ਬਣਾਉਣ ਦਾ ਐਲਾਨ**



**ਸਮਾਣਾ (ਪਟਿਆਲਾ)** - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਿਆਨਕ ਸੜਕ ਹਾਦਸੇ ਵਿੱਚ ਜਾਨ ਗੁਆਉਣ ਵਾਲੇ 7 ਬੱਚਿਆਂ ਦੇ ਪੀੜਤ ਮਾਪਿਆਂ ਨੂੰ ਅੱਜ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਜਾਂਚ ਵਿੱਚ ਰੁਕਾਵਟਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕਰਨ ਦਾ ਐਲਾਨ ਕੀਤਾ।

ਪੀੜਤ ਪਰਿਵਾਰਾਂ ਨਾਲ ਦੁੱਖ ਵੰਡਾਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮੰਦਭਾਗੀ ਘਟਨਾ ਵਿੱਚ ਹੋਣਹਾਰ ਵਿਦਿਆਰਥੀ ਸਾਥੋਂ ਹਮੇਸ਼ਾ ਲਈ ਵਿਛੜ ਗਏ। ਉਨ੍ਹਾਂ ਨੇ ਇਸ ਹਾਦਸੇ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਦੱਸਦਿਆਂ ਦੁੱਖ ਜ਼ਾਹਰ ਕੀਤਾ। ਭਗਵੰਤ ਸਿੰਘ ਮਾਨ ਨੇ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਗਮਗੀਨ ਪਰਿਵਾਰਾਂ ਦੇ ਨਾਲ ਡਟ ਕੇ ਖੜ੍ਹੀ ਹੈ ਅਤੇ ਇਨਸਾਫ ਦਿਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਦ੍ਰਿੜਤਾ ਨਾਲ ਕਿਹਾ ਕਿ ਇਸ ਦਿਲ ਕੰਬਾਊ ਹਾਦਸੇ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਇਨ੍ਹਾਂ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਕੇਸ ਨੂੰ ਲਮਕਾਉਣ ਅਤੇ ਇਨਸਾਫ ਵਿੱਚ ਅੜਿੱਕੇ ਖੜ੍ਹੇ ਕਰਨ ਦੀ ਕੋਸ਼ਿਸ਼ ਕਰਨ ਵਾਲੇ ਭਾਵੇਂ ਕਿੰਨੇ ਹੀ ਅਸਰ-ਰਸੂਖ ਵਾਲੇ ਹੀ ਕਿਉਂ ਨਾ ਹੋਣ, ਨੂੰ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹਾ ਕਰਨਾ ਘਿਨਾਉਣਾ ਜੁਰਮ ਹੈ ਅਤੇ ਇਸ ਦੇ ਦੋਸ਼ੀਆਂ ਨੂੰ ਸਜ਼ਾ ਮਿਲਣ ਨਾਲ ਬਾਕੀਆਂ ਨੂੰ ਸਬਕ ਮਿਲੇਗਾ।

ਇਸ ਦੌਰਾਨ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਗੈਰ-ਕਾਨੂੰਨੀ (**ਬਾਕੀ** 2 ਤੇ)

# ਯੂਟਿਊਬਰ ਜਸਬੀਰ ਸਿੰਘ ਨੂੰ ਮੁੜ 2 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਿਆ




**ਚੰਡੀਗੜ੍ਹ।** ਯੂਟਿਊਬਰ ਜਸਬੀਰ ਸਿੰਘ ਨੂੰ ਮੁਹਾਲੀ ਅਦਾਲਤ ਨੇ ਮੁੜ 2 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿਤਾ ਹੈ।

ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਵਲੋਂ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤੇ ਗਏ ਯੂਟਿਊਬਰ ਜਸਬੀਰ ਸਿੰਘ ਦਾ 3 ਦਿਨਾਂ ਦਾ ਪੁਲਿਸ ਰਿਮਾਂਡ ਖ਼ਤਮ ਹੋ ਗਿਆ ਤੇ ਉਸ ਨੂੰ ਅੱਜ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਮੋਹਾਲੀ ਅਦਾਲਤ ਵਿਚ ਪੇਸ਼ ਕੀਤਾ। ਜਿੱਥੇ ਅਦਾਲਤ ਨੇ ਉਸ ਨੂੰ 2 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿਤਾ ਹੈ।

ਜ਼ਿਕਰਯੋਗ ਹੈ ਕਿ ਜਸਬੀਰ ਸਿੰਘ ਰੋਪੜ ਦੇ ਮਹਲਾਂ ਪਿੰਡ ਦਾ ਰਹਿਣ ਵਾਲਾ ਹੈ, ਉਸ ਦੇ ਯੂਟਿਊਬ ਚੈਨਲ ਦਾ ਨਾਂ- 'ਜਾਨ ਮਹਲ' ਹੈ। ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ਾਂ ਤਹਿਤ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਦੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਉਹ ਆਈਐਸਆਈ ਏਜੰਟ ਸ਼ਾਕਿਰ ਉਰਫ਼ ਜੱਟ ਰੰਧਾਵਾ ਦੇ ਸੰਪਰਕ 'ਚ ਸੀ। ਉਸ ਦੇ ਫ਼ੋਨ 'ਚੋਂ ਕਈ ਪਾਕਿਸਤਾਨੀ ਨੰਬਰ ਵੀ ਮਿਲੇ ਹਨ। ਉਸ ਦਾ ਸੰਪਰਕ ਹਰਿਆਣਾ ਤੋਂ ਗ੍ਰਿਫ਼ਤਾਰ ਕੀਤੀ ਗਈ ਯੂਟਿਊਬਰ ਜੋਤੀ ਮਲਹੋਤਰਾ ਤੇ ਪਾਕਿਸਤਾਨ ਉੱਚਆਯੋਗ ਤੋਂ ਬਰਖ਼ਾਸਤ ਅਧਿਕਾਰੀ ਅਹਿਸਾਨ-ਉਰ-ਰਹੀਮ ਉਰਫ਼ ਦਾਨਿਸ਼ ਨਾਲ ਵੀ ਸਨ। ਜੋਤੀ ਮਲਹੋਤਰਾ ਨਾਲ ਇਕ ਯੂਟਿਊਬਰ ਵੀਡੀਉ ਕਰ ਕੇ ਹੀ ਜਸਬੀਰ ਸਿੰਘ ਪੁਲਿਸ ਦੀ ਰਡਾਰ 'ਤੇ ਆਇਆ। ਦੱਸਣਾ ਬਣਦਾ ਹੈ ਕਿ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਦੇ ਡੀਐਸਪੀ ਪਵਨ ਸ਼ਰਮਾ ਨੇ ਜਾਣਕਾਰੀ ਦਿਤੀ ਸੀ ਕਿ ਜਸਬੀਰ ਸਿੰਘ ਦੇ ਵਿਰੁਧ ਮੋਹਾਲੀ 'ਚ ਕੇਸ ਦਰਜ਼ ਹੋਇਆ ਸੀ। ਅੱਜ ਜਸਬੀਰ ਸਿੰਘ ਨੂੰ ਕੋਰਟ 'ਚ ਪੇਸ਼ ਕੀਤਾ ਗਿਆ, ਜਿੱਥੇ ਉਸ ਨੂੰ ਮੁੜ ਦੋ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿਤਾ ਗਿਆ ਹੈ।

ਯੂਟਿਊਬਰ ਜਸਬੀਰ ਸਿੰਘ ਦੇ ਵਕੀਲ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਜਸਬੀਰ ਸਿੰਘ ISI ਦਾ ਏਜੰਟ ਨਹੀਂ, ਸਿਰਫ਼ ਇੱਕ ਯੂਟਿਊਬਰ ਹੈ। ਇਹ ਤਾਂ ਸਿਆਸੀ ਚੱਕਰਾਂ 'ਚ ਫਸ ਗਿਆ ਹੈ। ਉਨ੍ਹਾਂ ਕਿਹਾ ਕਿ ਕੀ ਪਾਕਿਸਤਾਨ ਜਾਣ ਨਾਲ ਕੋਈ ਗੁਨਾਹਕਾਰ ਹੋ ਜਾਂਦਾ? ਨਾਸਿਰ ਢਿੱਲੋਂ ਨੂੰ ਲੈ ਕੇ ਯੂਟਿਊਬਰ ਜਸਬੀਰ ਸਿੰਘ ਦੇ ਵਕੀਲ ਨੇ ਗੱਲ ਕਰਦਿਆਂ ਕਿਹਾ ਕਿ ਜਸਬੀਰ ਸਿੰਘ ਤੇ ਪੁਲਿਸ ਨੇ ਨਾਸਿਰ ਢਿੱਲੋਂ ਦਾ ਨਾਮ ਹੀ ਨਹੀਂ ਲਿਆ। ਪਤਾ ਨਹੀਂ ਕਿਸ ਮੀਡੀਆ ਨੇ ਇਹ ਖ਼ਬਰ ਚਲਾਈ ਹੈ।

# ਲੋਕਾਂ ਦਾ ਵਿਸ਼ਵਾਸ 'ਆਪ' ਦੇ ਨਾਲ - ਲੁਧਿਆਣਾ ਪੱਛਮੀ ਵਿੱਚ ਕਾਂਗਰਸੀ ਆਗੂਆਂ ਸਮੇਤ ਕਈ ਸਮਾਜਸੇਵੀ ਪਾਰਟੀ 'ਚ ਹੋਏ ਸ਼ਾਮਲ

## ਆਪ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਅਤੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਸਾਰਿਆਂ ਨੂੰ ਪਾਰਟੀ ਵਿੱਚ ਕਰਾਇਆ ਸ਼ਾਮਲ

- ਆਮ ਆਦਮੀ ਪਾਰਟੀ ਤੋਂ ਡਰ ਕੇ ਭਾਜਪਾ ਅਤੇ ਕਾਂਗਰਸ ਨੇ ਸਮਝੌਤਾ ਕਰ ਲਿਆ ਹੈ, ਉਹ ਨਹੀਂ ਚਾਹੁੰਦੇ ਕਿ ਕੋਈ ਤੀਜੀ ਧਿਰ ਪੰਜਾਬ ਵਿੱਚ ਰਾਜਨੀਤੀ ਕਰੇ - ਸ਼ੈਰੀ ਕਲਸੀ
- ਮੰਤਰੀ ਮੋਹਿੰਦਰ ਭਗਤ ਨੇ ਕਿਹਾ- ਭਗਵੰਤ ਮਾਨ ਗ਼ਰੀਬਾਂ ਦੇ ਮਸੀਹਾ, ਉਨ੍ਹਾਂ ਨੇ ਗ਼ਰੀਬਾਂ ਅਤੇ ਵਾਂਝਿਆਂ ਲਈ ਕੀਤੇ ਇਤਿਹਾਸਕ ਕੰਮ




**ਲੁਧਿਆਣਾ** - ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਨੂੰ ਵੱਡਾ ਹੁਲਾਰਾ ਮਿਲਿਆ ਹੈ। ਸ਼ਨੀਵਾਰ ਨੂੰ ਸ਼ਹਿਰ ਦੇ ਸੈਂਕੜੇ ਕਾਂਗਰਸੀ ਆਗੂ, ਵਰਕਰ ਅਤੇ ਕਈ ਸਮਾਜ ਸੇਵਕ ਆਪਣੇ ਸਮਰਥਕਾਂ ਸਮੇਤ 'ਆਪ' ਵਿੱਚ ਸ਼ਾਮਲ ਹੋਏ।

'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਪਾਰਟੀ ਆਗੂ ਡਾ. ਸੰਨੀ ਆਹਲੂਵਾਲੀਆ ਅਤੇ ਸਥਾਨਕ ਆਗੂਆਂ ਦੀ ਮੌਜੂਦਗੀ ਵਿੱਚ ਸਾਰੇ ਨਵੇਂ ਮੈਂਬਰਾਂ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਾਇਆ ਅਤੇ ਸਵਾਗਤ ਕੀਤਾ।

ਲੁਧਿਆਣਾ ਵਾਰਡ ਨੰਬਰ-72 ਤੋਂ ਕਾਂਗਰਸ ਦੇ ਮੀਤ ਪ੍ਰਧਾਨ ਸ਼ਾਮਲਾਲ ਭਗਤ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਾਥੀ ਦੇਵਰਾਜ ਭਗਤ, ਅਸ਼ਵਨੀ ਭਗਤ, ਰਾਮ ਭਗਤ, ਜਗਦੀਸ਼ ਭਗਤ, ਰਵੀ ਭਗਤ, ਵਿਸ਼ੰਬਰ ਭਗਤ, ਰਜਿੰਦਰ ਰਿੰਕੂ, ਰਾਜਕੁਮਾਰ ਭਗਤ, ਰੋਹਿਤ ਭਗਤ, ਅਮਨ ਭਗਤ, ਵਾਸੂਦੇਵ ਭਗਤ, ਕਿਸ਼ਨ ਭਗਤ ਵੀ 'ਆਪ' ਵਿੱਚ ਸ਼ਾਮਲ ਹੋਏ।

ਇਸ ਦੌਰਾਨ ਭਗਤ ਸਮਾਜ ਦੇ ਆਗੂ ਅਤੇ ਸ਼ਿਵਰਾਜ ਸੈਨਾ ਦੇ ਰਾਸ਼ਟਰੀ ਪ੍ਰਧਾਨ ਰਮੇਸ਼ ਭਗਤ ਵੀ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਾਥੀ ਰਵੀ ਭਗਤ, ਕਿਸ਼ਨ ਲਾਲ ਭਗਤ, ਬੱਬੂ ਭਗਤ, ਮਦਨ ਚਾਹਲ, ਕੇਵਲ ਕਿਸ਼ਨ, ਅਰੁਣ ਜੋਗੀ, ਮੋਹਿਤ ਭਗਤ, ਸ਼ਿਵ ਚੰਦ, ਸੁਨੀਲ ਭਗਤ, ਮੋਹਿਤ ਭਗਤ, ਮਨਜੀਤ ਕੁਮਾਰ ਨੇ ਵੀ 'ਆਪ' ਦੀ ਮੈਂਬਰਸ਼ਿਪ ਲਈ।

ਇਨ੍ਹਾਂ ਤੋਂ ਇਲਾਵਾ, ਸ਼ਹਿਰ ਦੇ ਨੌਜਵਾਨ ਆਗੂ ਅਤੇ ਸਮਾਜ ਸੇਵਕ ਵੀ 'ਆਪ' ਪਰਿਵਾਰ ਦਾ ਹਿੱਸਾ ਬਣੇ। ਇਨ੍ਹਾਂ ਵਿੱਚ ਪੰਕਜ ਮਹਿਤਾ, ਪੀਯੂਸ਼ ਸ਼ਰਮਾ, ਹਰਜੀਤ ਅਰੋੜਾ, ਪਰਮਿੰਦਰ ਸਿੰਘ, ਸੰਜੀਵ ਅਗਰਵਾਲ, ਕੇਤਨ ਅਗਰਵਾਲ, ਹਨੀ ਸਿੰਘ ਬੋਹਟ, ਸ਼ੈਰੀ ਸਿੰਘ ਬੋਹਟ, ਸੁਰੇਸ਼ ਬਿਡਲਾ, ਵਿੱਕੀ ਏਕਲਵਿਆ, ਵਿਕਾਸ, ਅਕਸ਼ੈ, ਵਿਸ਼ਾਲ ਗੋਪਾਲ, ਸ਼ੁਭਮ, ਸੰਨੀ ਗਹਿਲੋਤ, ਰਵੀ, ਰੋਹਿਤ ਅਟਵਾਲ ਅਤੇ ਤੁਸ਼ਾਰ ਗੋਰਵ ਦੇ ਨਾਮ ਪ੍ਰਮੁੱਖ ਹਨ।

ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਸ਼ੈਰੀ ਕਲਸੀ ਨੇ ਸਾਰੇ ਨਵੇਂ ਆਗੂਆਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਅਤੇ ਕਿਹਾ, ÷ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਕੰਮ ਤੋਂ ਪ੍ਰਭਾਵਿਤ ਹੋ ਕੇ, ਵੱਖ-ਵੱਖ ਪਾਰਟੀਆਂ ਦੇ ਆਗੂ ਲਗਾਤਾਰ 'ਆਪ' ਵਿੱਚ ਸ਼ਾਮਲ ਹੋ ਰਹੇ ਹਨ। ਅੱਜ, ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਦਾ ਪਾਰਟੀ ਵਿੱਚ ਸ਼ਾਮਲ ਹੋਣਾ ਯਕੀਨੀ ਤੌਰ 'ਤੇ ਜ਼ਿਮਨੀ ਚੋਣਾਂ ਵਿੱਚ ਸਾਨੂੰ ਵੱਡਾ ਹੁਲਾਰਾ ਦੇਵੇਗਾ।÷

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 'ਆਪ' ਸਰਕਾਰ ਬਿਨਾਂ ਕਿਸੇ ਭੇਦਭਾਵ ਦੇ ਸਾਰੇ ਪਰਿਵਾਰਾਂ ਨੂੰ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਪ੍ਰਦਾਨ ਕਰ ਰਹੀ ਹੈ। ਇਸ ਦੇ ਨਾਲ ਹੀ, ਸਿੱਖਿਆ ਅਤੇ ਸਿਹਤ ਪ੍ਰਣਾਲੀ ਵਿੱਚ ਵੱਡੇ ਪੱਧਰ 'ਤੇ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ 'ਆਪ' ਸਰਕਾਰ ਦੇ ਇਨਕਲਾਬੀ ਕੰਮ ਨੂੰ ਦੇਖ ਕੇ ਡਰ ਗਈਆਂ ਹਨ।

ਕਲਸੀ ਨੇ ਕਿਹਾ ਕਿ ਭਾਜਪਾ ਅਤੇ ਕਾਂਗਰਸ ਕੋਲ ਚੋਣਾਂ ਲੜਨ ਲਈ ਕੋਈ ਏਜੰਡਾ ਨਹੀਂ ਹੈ। ਇਸੇ ਲਈ ਉਹ ਹਰ ਰੋਜ਼ ਸਸਤੀ ਰਾਜਨੀਤੀ ਅਤੇ ਨਵੀਆਂ ਚਾਲਾਂ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਅੰਦਰਖਾਤੇ ਕਾਂਗਰਸ ਦਾ ਸਮਰਥਨ ਕਰ ਰਹੀ ਹੈ। ਦੋਵੇਂ ਇਕੱਠੇ ਹਨ ਕਿਉਂਕਿ ਉਹ ਨਹੀਂ ਚਾਹੁੰਦੇ ਕਿ ਕੋਈ ਤੀਜੀ ਧਿਰ ਪੰਜਾਬ ਵਿੱਚ ਰਾਜਨੀਤੀ ਕਰੇ। ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਗ਼ਰੀਬਾਂ ਦੇ ਮਸੀਹਾ ਹਨ। ਉਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ ਗ਼ਰੀਬਾਂ, ਦਲਿਤਾਂ ਅਤੇ ਵਾਂਝੇ ਲੋਕਾਂ ਲਈ ਇਤਿਹਾਸਕ ਕੰਮ ਕੀਤਾ ਹੈ। ਇਸੇ ਲਈ ਪੰਜਾਬ ਦੇ ਗ਼ਰੀਬ ਅਤੇ ਪਛੜੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਖੜ੍ਹੇ ਹਨ।

'ਆਪ' ਪੰਜਾਬ ਦੇ ਜਨਰਲ ਸਕੱਤਰ ਡਾ. ਸੰਨੀ ਆਹਲੂਵਾਲੀਆ ਨੇ ਕਾਂਗਰਸ ਪਾਰਟੀ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਨ੍ਹਾਂ ਦੇ ਆਗੂ ਹਰ ਰੋਜ਼ ਆਪਸ ਵਿੱਚ ਲੜਦੇ ਰਹਿੰਦੇ ਹਨ। ਉਨ੍ਹਾਂ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਇੰਨੇ ਹੰਕਾਰੀ ਹਨ ਕਿ ਉਹ ਸਥਾਨਕ ਸੰਸਦ ਮੈਂਬਰ ਅਤੇ ਆਪਣੀ ਪਾਰਟੀ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਦਾ ਵੀ ਸਤਿਕਾਰ ਨਹੀਂ ਕਰਦੇ। ਪਿਛਲੀ ਵਾਰ ਵੀ ਲੋਕਾਂ ਨੇ ਉਨ੍ਹਾਂ ਦੇ ਹੰਕਾਰ ਨੂੰ ਹਰਾ ਦਿੱਤਾ ਸੀ। ਇਸ ਵਾਰ ਵੀ ਲੋਕ ਉਨ੍ਹਾਂ ਨੂੰ ਸਬਕ ਸਿਖਾਉਣਗੇ।

# ਸੰਗਤਾਂ ਨੂੰ ਕੇਦਾਰਨਾਥ ਲੈ ਕੇ ਜਾ ਰਹੇ ਹੈਲੀਕਾਪਟਰ ਦੀ ਸੜਕ 'ਤੇ ਕਰਵਾਈ ਐਮਰਜੈਂਸੀ ਲੈਂਡਿੰਗ, ਦੇਖੋ ਕਿੰਝ ਬਚੀਆਂ ਜਾਨਾਂ




**ਰੁਦਰਪ੍ਰਯਾਗ।** ਕ੍ਰਿਸਟਲ ਏਵੀਏਸ਼ਨ ਕੰਪਨੀ ਦਾ ਹੈਲੀਕਾਪਟਰ, ਜੋ ਚਾਰਧਾਮ ਸ਼ਰਧਾਲੂਆਂ ਨੂੰ ਲੈ ਕੇ ਸੇਰਸੀ ਬਦਸੂ ਤੋਂ ਕੇਦਾਰਨਾਥ ਧਾਮ ਜਾ ਰਿਹਾ ਸੀ, ਨੂੰ ਸੜਕ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ। ਇਸ ਦੌਰਾਨ ਇਹ ਇੱਕ ਕਾਰ ਨਾਲ ਟਕਰਾ ਗਿਆ। ਮੰਨਿਆ ਜਾ ਰਿਹਾ ਹੈ ਕਿ ਤਕਨੀਕੀ ਖ਼ਰਾਬੀ ਕਾਰਨ ਪਾਇਲਟ ਨੇ ਸਮਝਦਾਰੀ ਦਿਖਾਈ ਅਤੇ ਹੈਲੀਕਾਪਟਰ ਨੂੰ ਸੜਕ 'ਤੇ ਉਤਾਰ ਦਿੱਤਾ। ਇਸ ਵਿੱਚ ਪੰਜ ਯਾਤਰੀ ਸਨ, ਸਾਰੇ ਸੁਰੱਖਿਅਤ ਹਨ। ਹਾਲਾਂਕਿ, ਪਾਇਲਟ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਸੜਕ ਕਿਨਾਰੇ ਖੜ੍ਹੀ ਇੱਕ ਕਾਰ ਨੂੰ ਨੁਕਸਾਨ ਪਹੁੰਚਿਆ ਹੈ, ਹਾਲਾਂਕਿ ਇਸ ਵਿੱਚ ਕੋਈ ਨਹੀਂ ਸੀ। ਦੱਸਿਆ ਜਾ ਰਿਹਾ ਹੈ ਕਿ ਹੈਲੀਕਾਪਟਰ ਨੇ ਸੇਰਸੀ ਬਦਸੂ ਹੈਲੀਪੈਡ ਤੋਂ ਉਡਾਣ ਭਰੀ ਸੀ ਅਤੇ ਉਡਾਣ ਭਰਦੇ ਹੀ ਸੜਕ 'ਤੇ ਐਮਰਜੈਂਸੀ ਲੈਂਡਿੰਗ ਕੀਤੀ ਗਈ।

ਯਾਤਰੀਆਂ ਨਾਲ ਭਰੀ ਸਿਰਸੀ ਤੋਂ ਉਡਾਣ

ਯੂ.ਸੀ.ਏ.ਡੀ.ਏ. ਦੇ ਸੀ.ਈ.ਓ. ਨੇ ਜਾਣਕਾਰੀ ਦਿੱਤੀ ਹੈ ਕਿ ਕ੍ਰਿਸਟਲ ਏਵੀਏਸ਼ਨ ਪ੍ਰਾਈਵੇਟ ਲਿਮਟਿਡ ਦਾ ਹੈਲੀਕਾਪਟਰ, ਜੋ ਕਿ ਸੇਰਸੀ ਤੋਂ ਯਾਤਰੀਆਂ ਨਾਲ ਉਡਾਣ ਭਰ ਰਿਹਾ ਸੀ, ਸਾਵਧਾਨੀ ਵਜੋਂ ਹੈਲੀਪੈਡ ਦੀ ਬਜਾਏ ਸੜਕ 'ਤੇ ਉਤਰ ਗਿਆ। ਕਿਸੇ ਵੀ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਡੀਜੀਸੀਏ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਬਾਕੀ ਸ਼ਟਲ ਓਪਰੇਸ਼ਨ ਸ਼ਡਿਊਲ ਅਨੁਸਾਰ ਆਮ ਤੌਰ 'ਤੇ ਚੱਲ ਰਹੇ ਹਨ।

ਹੈਲੀਕਾਪਟਰ 'ਚ ਸਵਾਰ ਸਾਰੇ ਲੋਕ ਸੁਰੱਖਿਅਤ

ਉੱਤਰਾਖੰਡ ਦੇ ਏਡੀਜੀ ਕਾਨੂੰਨ ਅਤੇ ਵਿਵਸਥਾ ਡਾ. ਵੀ. ਮੁਰੂਗੇਸ਼ਨ ਨੇ ਏਐਨਆਈ ਨੂੰ ਦੱਸਿਆ, 'ਰੁਦਰਪ੍ਰਯਾਗ ਜ਼ਿਲ੍ਹੇ ਦੇ ਗੁਪਤਕਾਸ਼ੀ ਵਿੱਚ ਤਕਨੀਕੀ ਖਰਾਬੀ ਕਾਰਨ ਇੱਕ ਨਿੱਜੀ ਹੈਲੀਕਾਪਟਰ ਨੂੰ ਐਮਰਜੈਂਸੀ ਲੈਂਡਿੰਗ ਕਰਨੀ ਪਈ। ਹੈਲੀਕਾਪਟਰ ਵਿੱਚ ਸਵਾਰ ਸਾਰੇ ਲੋਕ ਸੁਰੱਖਿਅਤ ਹਨ।'

## ਗੁਰੂਗ੍ਰਾਮ ਕਲੱਬ ਬੰਬ ਧਮਾਕੇ ਮਾਮਲੇ 'ਚ NIA ਨੇ ਗੋਲਡੀ ਬਰਾੜ ਸਮੇਤ 5 ਵਿਅਕਤੀਆਂ ਖ਼ਲਾਫ਼ ਦਾਇਰ ਕੀਤੀ ਚਾਰਜਸ਼ੀਟ

**ਨਵੀਂ ਦਿੱਲੀ।** ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਗੁਰੂਗ੍ਰਾਮ ਦੇ ਦੋ ਕਲੱਬਾਂ ਵਿੱਚ ਹੋਏ ਬੰਬ ਧਮਾਕਿਆਂ ਵਿੱਚ ਅੱਤਵਾਦੀ ਗੋਲਡੀ ਬਰਾੜ ਸਮੇਤ ਪੰਜ ਦੋਸ਼ੀਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਹੈ। ਇਹ ਮਾਮਲਾ ਦਸੰਬਰ 2024 ਵਿੱਚ ਹੋਏ ਬੰਬ ਹਮਲੇ ਨਾਲ ਸਬੰਧਤ ਹੈ। ਐਨਆਈਏ ਨੇ ਸ਼ੁੱਕਰਵਾਰ ਨੂੰ ਪੰਚਕੂਲਾ ਦੀ ਇੱਕ ਵਿਸ਼ੇਸ਼ ਅਦਾਲਤ ਵਿੱਚ ਇਹ ਚਾਰਜਸ਼ੀਟ ਦਾਇਰ ਕੀਤੀ। ਚਾਰਜਸ਼ੀਟ ਵਿੱਚ ਕੈਨੇਡਾ ਵਿੱਚ ਰਹਿਣ ਵਾਲੇ ਅੱਤਵਾਦੀ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ, ਅਮਰੀਕਾ ਵਿੱਚ ਰਹਿਣ ਵਾਲੇ ਰਣਜੀਤ ਸਿੰਘ ਉਰਫ ਰਣਜੀਤ ਮਲਿਕ ਅਤੇ ਤਿੰਨ ਹੋਰ ਸਚਿਨ ਤਲਿਆਨ, ਅੰਕਿਤ ਅਤੇ ਭਾਵਿਸ਼ ਦੇ ਨਾਮ ਸ਼ਾਮਲ ਹਨ।

# ਪੰਜਾਬ ਵਿਧਾਨ ਸਭਾ ਸਪੀਕਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵਾਂ ਸ਼ਹੀਦੀ ਦਿਵਸ ਮਨਾਉਣ ਦੇ ਸਬੰਧ ਵਿੱਚ ਸੁਝਾਅ ਪ੍ਰਾਪਤ ਕਰਨ ਲਈ ਪ੍ਰੋਫੈਸਰਾਂ ਅਤੇ ਪੰਜਾਬੀ ਅਦਾਕਾਰਾਂ ਨਾਲ ਮੀਟਿੰਗ ਕੀਤੀ



**ਚੰਡੀਗੜ੍ਹ** - ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਮਨਾਉਣ ਸੰਬੰਧੀ ਸੁਝਾਅ ਪ੍ਰਾਪਤ ਕਰਨ ਲਈ ਪ੍ਰੋਫੈਸਰਾਂ ਅਤੇ ਪ੍ਰਸਿੱਧ ਪੰਜਾਬੀ ਅਦਾਕਾਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ, ਉਨ੍ਹਾਂ ਨੇ ਸੁਝਾਅ ਅਤੇ ਪ੍ਰਸਤਾਵ ਦਿੱਤੇ , ਜੋ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮਨਾਉਣ ਲਈ ਸ਼ਰਧਾਭਾਵਨਾ ਦਾ ਪ੍ਰਤੀਕ ਅਤੇ ਸ਼ਰਧਾ ਦਾ ਪ੍ਰਗਟਾਵਾ ਹਨ। ਗੁਰੂ ਸਾਹਿਬ ਨੇ ਧਾਰਮਿਕ ਆਜ਼ਾਦੀ, ਬਹੁਲਵਾਦ ਅਤੇ ਮਨੁੱਖੀ ਸਵੈਮਾਨ ਲਈ ਲਾਸਾਨੀ ਸ਼ਹਾਦਤ ਦਿੱਤੀ ਜੋ ਕੁੱਲ ਦੁਨੀਆਂ ਦੇ ਲੋਕਾਂ ਨੂੰ ਪ੍ਰੇਰਦੀ ਰਹੇਗੀ।

ਵਿਚਾਰ-ਵਟਾਂਦਰੇ ਦੌਰਾਨ, ਉਨ੍ਹਾਂ ਨੇ ਸਲਾਹ ਦਿੱਤੀ "ਸ੍ਰੀ ਗੁਰੂ ਤੇਗ ਬਹਾਦਰ ਜੀ ਸਬੰਧੀ 350 ਵਾਂ ਸ਼ਹੀਦੀ ਦਿਵਸ : ਮਨੁੱਖਤਾ ਦੀ ਢਾਲ " ਹੈ ਅਤੇ ਇਸ ਸਮਾਰੋਹ ਦਾ ਉਦੇਸ਼ ਵਿਸ਼ਵ ਪੱਧਰ 'ਤੇ ਗੁਰੂ ਜੀ ਦੀ ਸ਼ਾਨਾਮੱਤੀ ਵਿਰਾਸਤ ਨੂੰ ਸਾਂਝਾ ਕਰਨਾਂ ਸੱਭਿਆਚਾਰਕ ਸੰਭਾਲ, ਇਮਰਸਿਵ ਤਕਨਾਲੋਜੀਆਂ ਅਤੇ ਭਾਈਚਾਰੇ ਨੂੰ ਹੋਰ ਨੇੜੇ ਲਿਆਉਣਾ ਹੈ। ਗੁਰੂ ਜੀ ਦੀ ਕੁਰਬਾਨੀ ਨੂੰ ਦਰਸਾਉਂਦੀ ਇਹ ਸ਼ਰਧਾਪੂਰਵਕ ਪਹਿਲਕਦਮੀ ਅੰਤਰਰਾਸ਼ਟਰੀ ਸਮਾਗਮਾਂ ਵਿੱਚ ਹੋਣੀ ਚਾਹੀਦੀ ਹੈ ਤਾਂ ਜੋ ਗੁਰੂ ਜੀ ਵੱਲੋਂ ਦਿੱਤਾ ਦਇਆ, ਕੁਰਬਾਨੀ ਅਤੇ ਅੰਤਰ-ਧਰਮ ਸਦਭਾਵਨਾ ਦਾ ਸੁਨੇਹਾ ਸਦੀਵੀ ਚਾਨਣ ਮੁਨਾਰੇ ਵਜੋਂ ਲੋਕਾਂ ਦੇ ਰਾਹ ਰੁਸ਼ਨਾਉਂਦਾ ਰਹੇ।

ਇਸ ਤੋਂ ਇਲਾਵਾ, ਪ੍ਰੋਫੈਸਰਾਂ ਨੇ ਸੁਝਾਅ ਦਿੱਤਾ ਕਿ ਕਿ ਗੁਰੂ ਜੀ ਦੇ ਸੰਦੇਸ਼ ਨੂੰ ਵਰਚੁਅਲ ਅਜਾਇਬ ਘਰ, ਵਰਚੁਅਲ ਰਿਅਲਟੀ, ਸੰਗੀਤ, ਫਿਲਮਾਂ ਅਤੇ ਵਿਦਵਤਾਪੂਰਨ ਭਾਸ਼ਣ ਵਰਗੇ ਨਵੀਨਤਾਕਾਰੀ ਫਾਰਮੈਟਾਂ ਰਾਹੀਂ ਵਿਸ਼ਵ ਪੱਧਰ 'ਤੇ ਪ੍ਰਸਾਰਿਤ ਕਰਨ ਦੇ ਨਾਲ-ਨਾਲ ਗੁਰੂ ਜੀ ਨਾਲ ਸਬੰਧਤ ਇਤਿਹਾਸਕ ਸਥਾਨਾਂ, ਕਲਾਵਾਂ ਅਤੇ ਸਾਹਿਤ ਨੂੰ ਸੁਰੱਖਿਅਤ ਅਤੇ ਡਿਜੀਟਲ ਰੂਪ ਵਿੱਚ ਪੁਰਾਲੇਖਿਤ ਕਰਨ ਦੇ ਨਾਲ-ਨਾਲ ਇੱਕ ਸਥਾਈ ਵਿਦਿਅਕ ਅਤੇ ਸੱਭਿਆਚਾਰਕ ਸਰੋਤ ਪ੍ਰੋਗਰਾਮ ਦੀ ਸਿਰਜਣਾ ਕੀਤੀ ਜਾਵੇ ਜੋ ਦੁਨੀਆ ਭਰ ਲਈ ਪਹੁੰਚਯੋਗ ਹੋਵੇ।

ਇੱਥੇ ਇਹ ਦੱਸਣਾ ਵਾਜਿਬ ਹੈ ਕਿ ਉਨ੍ਹਾਂ ਦੇ ਸ਼ਹੀਦੀ ਸ਼ਤਾਬਦੀ ਸਮਾਗਮ ਵਿੱਚ ਧਾਰਮਿਕ ਬਹੁਲਤਾਵਾਦ ਦਾ ਵਰਚੁਅਲ ਅਜਾਇਬ ਘਰ, ਅਲ ਅਤੇ ਬਹੁ-ਭਾਸ਼ਾਈ ਬਿਰਤਾਂਤ ਦੀ ਵਰਤੋਂ ਕਰਦੇ ਹੋਏ ਇੰਟਰਐਕਟਿਵ 34 ਵਾਕਥਰੂ, ਗੁਰੂ ਜੀ ਦੀਆਂ ਯਾਤਰਾਵਾਂ, ਉਹਨਾਂ ਦੇ ਸੰਵਾਦ, ਸ਼ਹਾਦਤ ਅਤੇ ਵਿਰਾਸਤ ਨਾਲ ਸਬੰਧਛ ਦ੍ਰਿਸ਼ ਅਤੇ ਕਿਊ ਆਰ ਕੋਡਜ ਅਤੇ ਡਿਜੀਟਲ ਕਹਾਣੀ ਸੁਣਾਉਣ ਵਾਲੇ ਫਾਰਮੈਟਾਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਗੁਰੂ ਜੀ ਦੀ ਸ਼ਹਾਦਤ ਦੇ ਬੇਮਿਸਾਲ ਸਫ਼ਰ 'ਤੇ ਛੋਟੀਆਂ ਐਨੀਮੇਟਡ ਫਿਲਮਾਂ ਅਤੇ ਵੀਆਰ ਦਸਤਾਵੇਜ਼ੀ ਫਿਲਮਾਂ ਵਰਗੀਆਂ ਕਲਾਤਮ ਕ੍ਰਿਤਾਂ ਬਣਾਉਣ ਦੀ ਜ਼ਰੂਰਤ ਹੈ।

ਉਨ੍ਹਾਂ ਨੇ ਇਹ ਵੀ ਸੁਝਾਅ ਦਿੱਤਾ ਕਿ ਸ਼ਬਦ ਅਤੇ ਰਾਗ ਲੜੀ ਬਣਾਈ ਜਾਣੀ ਚਾਹੀਦੀ ਹੈ ਅਤੇ ਇਸਨੂੰ ਡਿਜੀਟਲ ਪਲੇਟਫਾਰਮਾਂ 'ਤੇ ਰਿਲੀਜ਼ ਕੀਤਾ ਜਾਣਾ ਚਾਹੀਦਾ ਹੈ ਅਤੇ ਲਾਈਵ ਸੰਗੀਤ ਸਮਾਰੋਹ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ। ਗੁਰੂ ਜੀ ਦੇ ਬਹੁਲਤਾ ਵਿੱਚ ਯੋਗਦਾਨ 'ਤੇ ਅੰਤਰਰਾਸ਼ਟਰੀ ਸਿੰਪੋਜ਼ੀਅਮ ਦੇ ਨਾਲ ਗਲੋਬਲ ਕਾਨਫਰੰਸਾਂ ਅਤੇ ਆਊਟਰੀਚ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਯੂਨੈਸਕੋ, ਹਾਰਵਰਡ ਅਤੇ ਸਿੱਖ ਖੋਜ ਸੰਸਥਾਵਾਂ ਨਾਲ ਸਹਿਯੋਗ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ "ਸ੍ਰੀ ਗੁਰੂ ਤੇਗ਼ ਬਹਾਦਰ: ਦ ਸੇਂਟ ਆਫ਼ ਅਦਰਨੈਸ" ਸਿਰਲੇਖ ਵਾਲੀ ਇਹ ਕਿਤਾਬ ਇੱਕ ਤ੍ਰਿਭਾਸ਼ੀ (ਪੰਜਾਬੀ-ਹਿੰਦੀ-ਅੰਗਰੇਜ਼ੀ) ਉੱਚ-ਡਿਜ਼ਾਈਨ ਪ੍ਰਕਾਸ਼ਨ ਬਣਾਉਣ ਦਾ ਸੁਝਾਅ ਵੀ ਦਿੱਤਾ, ਜੋ ਗੁਰੂ ਜੀ ਦੇ ਜੀਵਨ, ਦਰਸ਼ਨ ਨੂੰ ਪੇਸ਼ ਕਰੇਗੀ ।

ਹੋਰ ਜਾਣਕਾਰੀ ਦਿੰਦੇ ਹੋਏ, ਉਨ੍ਹਾਂ ਨੇ ਕਿਹਾ ਕਿ ਆਪਣੀ ਕਿਸਮ ਦੀ ਪਹਿਲੀ ਇੰਟਰਐਕਟਿਵ ਕਿਤਾਬ ਸਿਰਫ਼ ਇੱਕ ਦਸਤਾਵੇਜ਼ ਨਹੀਂ ਹੋਵੇਗੀ, ਸਗੋਂ ਇਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਧਿਆਤਮਿਕ, ਨੈਤਿਕ ਅਤੇ ਲਾਸਾਨੀ ਸ਼ਹਾਦਤ ਦਾ ਇੱਕ ਜੀਵਤ ਪੋਰਟਲ ਹੋਵੇਗੀ। ਇਸਦਾ ਉਦੇਸ਼ ਵਿਸ਼ਵਵਿਆਪੀ ਵਿਦਿਅਕ ਸੰਸਥਾਵਾਂ, ਅਜਾਇਬ ਘਰਾਂ ਅਤੇ ਲਾਇਬ੍ਰੇਰੀਆਂ ਲਈ ਇੱਕ ਸਦੀਵੀ ਸਰੋਤ ਦੀ ਪੇਸ਼ਕਸ਼ ਕਰਨਾ ਹੈ ਅਤੇ ਡਿਜੀਟਲ ਯਾਦਗਾਰੀ ਬੁਨਿਆਦੀ ਢਾਂਚੇ (ਅਜਾਇਬ ਘਰ, ਸੰਗੀਤ ਸਮਾਰੋਹ ਅਤੇ ਭਾਸ਼ਣ) ਦੇ ਨੀਂਹ ਪੱਥਰ ਵਜੋਂ ਕੰਮ ਕਰਨਾ ਹੈ। ਸਪੀਕਰ ਨੇ ਉਜਾਗਰ ਕੀਤਾ ਕਿ ਇਹ ਵਿਲੱਖਣ ਅਤੇ ਏਕੀਕ੍ਰਿਤ ਪ੍ਰਸਤਾਵ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਨਾ ਸਿਰਫ਼ ਇੱਕ ਧਰਮ ਦੇ ਰਾਖੇ , ਸਗੋਂ ਸਾਰੇ ਧਰਮਾਂ ਦੇ ਸਦੀਵੀ ਰਖਵਾਲੇ, ਅਤੇ ਉਨ੍ਹਾਂ ਦੀ ਹਲੀਮੀ ਤੇ ਸ਼ਹਾਦਤ ਪ੍ਰਤੀ ਆਪਣੀ ਸ਼ਰਧਾ ਨੂੰ ਜ਼ਾਹਰ ਕਰਨ ਦੀ ਨਿੱਕੀ ਜਿਹੀ ਕੋਸ਼ਿਸ ਮਾਤਰ ਹੈ। ਇਹ ਯਾਦ ਦੁਨੀਆ ਨੂੰ ਇੱਕ ਸੰਦੇਸ਼ ਹੈ: ਗੁਰੂ ਜੀ ਨੂੰ ਸਿਰਫ਼ ਸ਼ਰਧਾ ਨਾਲ ਹੀ ਨਹੀਂ, ਸਗੋਂ ਆਪਣੇ ਕੰਮਾਂ ਵਿੱਚ ਯਾਦ ਰੱਖੋ। ਮੀਟਿੰਗ ਵਿੱਚ ਪ੍ਰਸਿੱਧ ਪੰਜਾਬੀ ਅਦਾਕਾਰ ਐਮੀ ਵਿਰਕ, ਪ੍ਰੋਫੈਸਰ ਅਮਰਜੀਤ ਸਿੰਘ ਗਰੇਵਾਲ ਅਤੇ ਪ੍ਰੋਫੈਸਰ ਗੁਰਵਿੰਦਰ ਸਿੰਘ ਬਾਵਾ ਅਤੇ ਐਨਆਰਆਈ ਭਾਈਚਾਰੇ ਤੋਂ ਰਮਨਦੀਪ ਸਿੰਘ ਖੱਟੜਾ ਮੌਜੂਦ ਸਨ।

# ਪੇਜ਼ ਇੱਕ ਦਾ ਬਾਕੀ

**ਪੰਜਾਬ ...**

ਉਪਲੱਬਧ ਨਾ ਹੋਣ ਕਾਰਨ ਪ੍ਰਮੋਸ਼ਨ ਨਹੀਂ ਦਿੱਤੀ ਗਈ। ਸਬੰਧਿਤ ਪੁਲਿਸ ਦਫ਼ਤਰਾਂ ਨੂੰ ਇੱਕ ਹਫ਼ਤੇ 'ਚ ਪ੍ਰਮੋਸ਼ਨ ਆਦੇਸ਼ਾਂ ਨੂੰ ਲਾਗੂਕਰਨ ਦੀ ਰਿਪੋਰਟ ਭੇਜਣ ਦੇ ਨਿਰਦੇਸ਼ ਦਿੱਤੇ ਗਏ ਹਨ।

**ਦਿੱਲੀ ਦੀ ...**

ਕਰ ਲਿਆ। ਸੀਐਮ ਰੇਖਾ ਗੁਪਤਾ ਨੂੰ ਧਮਕੀ ਦੇਣ ਵਾਲਾ ਆਰੋਪੀ ਸ਼ਲੋਕ ਆਪਣੇ ਰਿਸ਼ਤੇਦਾਰ ਦੇ ਨਾਮ 'ਤੇ ਰਜਿਸਟਰਡ ਸਿਮ ਕਾਰਡ ਦੀ ਵਰਤੋਂ ਕਰ ਰਿਹਾ ਸੀ। ਉਸਨੇ ਉਸੇ ਸਿਮ ਤੋਂ ਧਮਕੀ ਭਰੀ ਕਾਲ ਕੀਤੀ ਸੀ। ਮੁੱਖ ਮੰਤਰੀ ਨੂੰ ਦਿੱਤੀ ਧਮਕੀ, ਪੁਲਿਸ ਨੇ ਕੀਤਾ ਗ੍ਰਿਫ਼ਤਾਰ ਆਰੋਪੀ ਸ਼ਲੋਕ ਨੂੰ ਦਿੱਲੀ ਪੁਲਿਸ ਸਪੈਸ਼ਲ ਸੈੱਲ ਅਤੇ ਗਾਜ਼ੀਆਬਾਦ ਪੁਲਿਸ ਦੇ ਸਾਂਝੇ ਆਪ੍ਰੇਸ਼ਨ ਵਿੱਚ ਫੜਿਆ ਗਿਆ। ਉਹ ਗਾਜ਼ੀਆਬਾਦ ਦੇ ਥਾਣਾ ਕੋਤਵਾਲੀ ਖੇਤਰ ਦੀ ਨਵੀਂ ਪੰਚਵਟੀ ਕਲੋਨੀ ਵਿੱਚ ਰਹਿੰਦਾ ਹੈ। ਉਹ ਪੇਸ਼ੇ ਤੋਂ ਇੱਕ ਡੀਡ ਰਾਈਟਰ ਹੈ ਅਤੇ ਤਹਿਸੀਲ ਸਦਰ ਵਿੱਚ ਰਹਿੰਦਾ ਹੈ। ਆਰੋਪੀ ਦਾ ਆਪਣੀ ਪਤਨੀ ਨਾਲ ਡੇਢ ਸਾਲ ਤੋਂ ਝਗੜਾ ਚੱਲ ਰਿਹਾ ਹੈ, ਉਹ ਦਿੱਲੀ ਦੇ ਨਰੇਲਾ ਵਿੱਚ ਰਹਿੰਦੀ ਹੈ। ਮੁੱਖ ਮੰਤਰੀ ਨੂੰ ਧਮਕੀ ਦੇਣ ਤੋਂ ਬਾਅਦ ਉਸਨੇ ਫੋਨ ਆਪਣੀ ਪਤਨੀ ਦੇ ਘਰ ਸੁੱਟ ਦਿੱਤਾ। ਇਸ ਸਮੇਂ ਆਰੋਪੀ ਦਿੱਲੀ ਸਪੈਸ਼ਲ ਸੈੱਲ ਦੀ ਹਿਰਾਸਤ ਵਿੱਚ ਹੈ। ਫੋਨ ਬਰਾਮਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

**ਪਰਿਵਾਰਾਂ ਨੂੰ ...**

ਮਾਈਨਿੰਗ ਅਤੇ ਓਵਰਲੋਡ ਵਾਹਨਾਂ ਵਿਰੁੱਧ ਕਾਰਵਾਈ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਪੁਲਿਸ ਅਤੇ ਟਰਾਂਸਪੋਰਟ ਵਿਭਾਗਾਂ ਨੂੰ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਭਗਵੰਤ ਸਿੰਘ ਮਾਨ ਨੇ ਇਨ੍ਹਾਂ ਅਪਰਾਧਾਂ ਨੂੰ ਨਾ-ਮੁਆਫ ਕਰਨ ਯੋਗ ਦੱਸਦਿਆਂ ਕਿਹਾ ਕਿ ਸਰਕਾਰ ਕਿਸੇ ਨੂੰ ਵੀ ਆਮ ਲੋਕਾਂ ਦੀ ਜਾਨ ਨੂੰ ਖਤਰੇ ਵਿੱਚ ਪਾਉਣ ਦੀ ਇਜਾਜ਼ਤ ਨਹੀਂ ਦੇਵੇਗੀ।

ਹਾਦਸੇ ਵਿੱਚ ਵਿਛੜਣ ਵਾਲਿਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਮੁੱਖ ਮੰਤਰੀ ਨੇ ਮ੍ਰਿਤਕ ਬੱਚਿਆਂ ਦੀ ਯਾਦ ਵਿੱਚ ਪਾਰਕ ਬਣਾਉਣ ਦਾ ਵੀ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਯਾਦਗਾਰ ਦੁਖਦਾਈ ਹਾਦਸੇ ਦੇ ਪੀੜਤ ਵਿਦਿਆਰਥੀਆਂ ਪ੍ਰਤੀ ਸ਼ਰਧਾਂਜਲੀ ਹੋਵੇਗੀ। ਇਸ ਤੋਂ ਇਲਾਵਾ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਸਮਾਣਾ ਤੋਂ ਪਾਤੜਾਂ ਤੱਕ ਮੌਜੂਦਾ ਸੜਕ ਨੂੰ ਚਾਰ-ਮਾਰਗੀ ਸੜਕ ਵਜੋਂ ਅਪਗ੍ਰੇਡ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਆਵਾਜਾਈ ਜ਼ਿਆਦਾ ਹੋਣ ਕਾਰਨ ਇਸ ਸੜਕ 'ਤੇ ਅਕਸਰ ਹਾਦਸੇ ਵਾਪਰਦੇ ਹਨ, ਜਿਸ ਨਾਲ ਲੋਕਾਂ ਦੀ ਸੁਰੱਖਿਆ ਲਈ ਇੱਥੋਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨਾ ਜ਼ਰੂਰੀ ਹੋ ਜਾਂਦਾ ਹੈ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ ਸਮਾਣਾ ਦੇ ਸਰਕਾਰੀ ਹਸਪਤਾਲ ਨੂੰ ਅਪਗ੍ਰੇਡ ਕੀਤਾ ਜਾਵੇਗਾ ਅਤੇ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਐਮਰਜੈਂਸੀ ਮੈਡੀਕਲ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਇਲਾਕੇ ਦੀਆਂ ਸਿਹਤ ਸੰਭਾਲ ਸੇਵਾਵਾਂ ਵਿੱਚ ਸੱਤ ਨਵੀਆਂ ਐਂਬੂਲੈਂਸਾਂ ਸ਼ਾਮਲ ਕੀਤੀਆਂ ਜਾਣਗੀਆਂ।

**ਪੰਜਾਬ ਚ ...**

ਅਤੇ ਜ਼ਰੂਰੀ ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਭਾਰਤ ਵਿੱਚ 5,364 ਸਰਗਰਮ ਕੇਸ ਹਨ। ਅਧਿਕਾਰਤ ਸੂਤਰਾਂ ਨੇ ਕਿਹਾ ਹੈ ਕਿ ਜ਼ਿਆਦਾਤਰ ਮਾਮਲੇ ਹਲਕੇ ਹਨ ਅਤੇ ਘਰ ਵਿੱਚ ਦੇਖਭਾਲ ਅਧੀਨ ਪ੍ਰਬੰਧਿਤ ਕੀਤੇ ਗਏ ਹਨ। ਇਸ ਸਾਲ ਜਨਵਰੀ ਤੋਂ ਲੈ ਕੇ ਹੁਣ ਤੱਕ ਦੇਸ਼ ਵਿੱਚ 55 ਮੌਤਾਂ ਹੋਈਆਂ ਹਨ। ਯੂਪੀ ਦੇ ਨੋਇਡਾ ਵਿੱਚ ਕੋਰੋਨਾ ਇਨਫੈਕਸ਼ਨ ਕਾਰਨ ਤਿੰਨ ਸਾਲ ਦੀ ਬੱਚੀ ਦੀ ਮੌਤ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਕਾਰਨ ਇਲਾਕੇ ਵਿੱਚ ਚਿੰਤਾ ਦਾ ਮਾਹੌਲ ਹੈ। ਬੱਚੀ ਛਿਜਰਸੀ ਪਿੰਡ ਦੀ ਰਹਿਣ ਵਾਲੀ ਸੀ ਅਤੇ ਡੀਹਾਈਡਰੇਸ਼ਨ ਦੀ ਸ਼ਿਕਾਇਤ ਤੋਂ ਬਾਅਦ ਉਸ ਨੂੰ ਦਿੱਲੀ ਦੇ ਚਾਚਾ ਨਹਿਰੂ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।

**ਅੰਮ੍ਰਿਤਸਰ ਵਿੱਚ ...**

ਵਿੱਚ ਵੱਖ-ਵੱਖ ਅਪਰਾਧਿਕ ਤੱਤਾਂ ਨੂੰ ਸਪਲਾਈ ਕੀਤੇ ਜਾਣ ਦੀ ਸੰਭਾਵਨਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਏ.ਐਨ.ਟੀ.ਐਫ. ਦੇ ਏਡੀਜੀਪੀ ਨੀਲਾਭ ਕਿਸ਼ੋਰ ਨੇ ਦੱਸਿਆ ਕਿ ਬਾਰਡਰ ਰੇਂਜ ਅੰਮ੍ਰਿਤਸਰ ਦੀ ਟੀਮ ਨੂੰ ਉਨ੍ਹਾਂ ਦੇ ਜੇਲ੍ਹ ਵਿੱਚ ਬੰਦ ਹੈਂਡਲਰ ਜੁਗਰਾਜ ਸਿੰਘ ਦੇ ਨਿਰਦੇਸ਼ਾਂ 'ਤੇ ਹਥਿਆਰ ਪ੍ਰਾਪਤ ਕਰਨ ਵਿੱਚ ਉਕਤ ਤਿੰਨਾਂ ਮੁਲਜ਼ਮਾਂ ਦੀ ਸ਼ਮੂਲੀਅਤ ਬਾਰੇ ਭਰੋਸੇਯੋਗ ਜਾਣਕਾਰੀ ਮਿਲੀ ਸੀ। ਮਿਲੀ ਇਤਲਾਹ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਏਐਨਟੀਐਫ ਬਾਰਡਰ ਰੇਂਜ ਅੰਮ੍ਰਿਤਸਰ ਦੇ ਸੁਪਰਡੈਂਟ ਆਫ਼ ਪੁਲਿਸ ਗੁਰਪ੍ਰੀਤ ਸਿੰਘ ਦੀ ਅਗਵਾਈ ਵਾਲੀਆਂ ਪੁਲਿਸ ਟੀਮਾਂ ਨੇ ਇੱਕ ਖੁਫੀਆ ਕਾਰਵਾਈ ਤਹਿਤ ਅੰਮ੍ਰਿਤਸਰ ਦੇ ਖਾਲਸਾ ਕਾਲਜ ਦੇ ਸਾਹਮਣੇ ਤੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਹਥਿਆਰਾਂ ਦੀ ਖੇਪ ਬਰਾਮਦ ਕੀਤੀ।

ਏਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਦੀ ਹੋਰ ਜਾਂਚ ਕਰਨ ਅਤੇ ਇਸ ਤਸਕਰੀ ਰੈਕੇਟ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕਰਨ ਲਈ ਪੁਲਿਸ ਟੀਮਾਂ ਵੱਲੋਂ ਦੋਸ਼ੀ ਜੁਗਰਾਜ ਸਿੰਘ ਨੂੰ ਜੇਲ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਜਾਵੇਗਾ। ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧੀ ਅਸਲਾ ਐਕਟ ਦੀ ਧਾਰਾ 25 ਦੇ ਤਹਿਤ 6 ਜੂਨ, 2025 ਨੂੰ ਕੇਸ ਐਫਆਈਆਰ ਨੰਬਰ 152, ਐਸਏਐਸ ਨਗਰ ਦੇ ਪੁਲਿਸ ਸਟੇਸ਼ਨ ਏ.ਐਨ.ਟੀ.ਐਫ. ਵਿਖੇ ਦਰਜ ਕੀਤਾ ਗਿਆ ਹੈ।

**ਸ਼੍ਰੋਮਣੀ ਕਮੇਟੀ .....**

ਨੂੰ ਸ਼ਰਧਾਂਜਲੀ ਅਤੇ ਭਾਰਤੀ ਹਕੂਮਤ ਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਦੱਸਿਆ ਜਾਂਦਾ ਹੈ ਕਿ ਸਿੱਖ ਕੌਮ ਵਿੱਚ ਅੱਜ ਵੀ ਖਾਲਿਸਤਾਨ ਪ੍ਰਤੀ ਤੜਪ ਜਾਰੀ ਹੈ ਤੇ ਸਿੱਖ ਕੌਮ ਆਜ਼ਾਦੀ ਮੰਗਦੀ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ, ਸਰਕਾਰੀ ਏਜੰਸੀਆਂ ਅਤੇ ਪੁਲਿਸ ਨੂੰ ਖੁਸ਼ ਕਰਨ ਲਈ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਕਮੇਟੀ ਵਾਲੇ ਪੰਥ ਨਾਲ? ਗੱਦਾਰੀਆਂ ਕਰ ਰਹੇ ਹਨ ਤੇ ਉਹ ਹਰ ਸਾਲ ਖਾਲਿਸਤਾਨ ਦੀ ਆਵਾਜ਼ ਨੂੰ ਦੱਬਣ ਦਾ ਯਤਨ ਕਰਦੇ ਹਨ। ਇਸ ਵਾਰ ਵੀ ਅਰਦਾਸ ਅਤੇ ਹੁਕਮਨਾਮਾ ਸਾਹਿਬ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਸਪੀਕਰਾਂ ਦੀ ਆਵਾਜ਼ ਬੇਹੱਦ ਉੱਚੀ ਕਰ ਦਿੱਤੀ ਤਾਂ ਜੋ ਖਾਲਿਸਤਾਨ ਦੇ ਨਾਅਰਿਆਂ ਦੀ ਆਵਾਜ਼ ਦਾ ਦੁਨੀਆਂ ਅਤੇ ਮੀਡੀਆ ਨੂੰ ਪਤਾ ਨਾ ਲੱਗ ਸਕੇ। ਪਰ ਸਿੱਖ ਨੌਜਵਾਨੀ ਨੇ ਆਪਣੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਉਹਨਾਂ ਦੇ ਕੌਮੀ ਨਿਸ਼ਾਨੇ ਖਾਲਿਸਤਾਨ ਪ੍ਰਤੀ ਪੂਰੀ ਸੁਹਿਰਦਤਾ ਅਤੇ ਜੋਸ਼ ਨਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜਣ ਲਾ ਦਿੱਤਾ। ਭਾਈ ਰਣਜੀਤ ਸਿੰਘ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਦਸ ਕੁ ਸਾਲ ਪਹਿਲਾਂ ਕਿਹਾ ਸੀ ਕਿ ਜੂਨ 1984 ਦੇ ਘੱਲੂਘਾਰੇ ਸਮਾਗਮਾਂ 'ਚ ਹੌਲੀ-ਹੌਲੀ ਖਾਲਿਸਤਾਨ ਦੀ ਨਾਅਰੇਬਾਜ਼ੀ ਬਿਲਕੁਲ ਬੰਦ ਹੋ ਜਾਵੇਗੀ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜੇਕਰ ਅਵਤਾਰ ਸਿੰਘ ਮੱਕੜ ਅੱਜ ਜਿਉਂਦੇ ਹੁੰਦੇ ਤਾਂ ਉਹ ਦੇਖ ਲੈਂਦੇ ਕਿ ਸਿੱਖ ਸੰਗਤਾਂ ਦਾ ਆਪਣੇ ਸ਼ਹੀਦਾਂ ਦੇ ਨਿਸ਼ਾਨੇ ਪ੍ਰਤੀ ਪਿਆਰ ਡੁਲ ਡੁੱਲ ਪੈ ਰਿਹਾ ਹੈ ਤੇ ਉਹ ਖਾਲਿਸਤਾਨ ਦੇ ਨਿਸ਼ਾਨੇ ਦੀ ਪੂਰਤੀ ਲਈ ਪੂਰੀ ਤਰ੍ਹਾਂ ਦ੍ਰਿੜ ਹਨ। ਫੈਡਰੇਸ਼ਨ ਨੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਵਾਲ ਕੀਤਾ ਕਿ ਕੀ ਉਹ ਸਿੱਖ ਕੌਮ ਨੂੰ ਗ਼ੁਲਾਮ ਹੀ ਵੇਖਣਾ ਚਾਹੁੰਦੇ ਹਨ ? ਜਦ ਕਿ ਸ਼੍ਰੋਮਣੀ ਕਮੇਟੀ ਨੂੰ ਖਾਲਿਸਤਾਨ ਦੇ ਵਿਰੋਧ ਵਿੱਚ ਨਹੀਂ ਭੁਗਤਣਾ ਚਾਹੀਦਾ, ਜੇਕਰ ਸ਼੍ਰੋਮਣੀ ਕਮੇਟੀ ਖੁਦ ਖਾਲਿਸਤਾਨ ਦੀ ਗੱਲ ਨਹੀਂ ਕਰ ਸਕਦੀ ਤਾਂ ਜਿਹੜੇ ਕਰ ਰਹੇ ਹਨ ਉਹਨਾਂ ਦੀ ਆਵਾਜ਼ ਨੂੰ ਦਬਾਉਣਾ ਨਹੀਂ ਚਾਹੀਦਾ। ਉਹਨਾਂ ਇਹ ਵੀ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਖਾਲਿਸਤਾਨ ਦੇ ਨਾਅਰੇ ਲਾਉਣ ਵਾਲੇ ਗੁਰਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਡਾਂਗਾਂ ਨਾਲ ਕੁੱਟਦੀ ਸੀ ਤੇ ਇਹਨਾਂ ਨੌਜਵਾਨਾਂ ਨੂੰ ਪੁਲਿਸ ਕੋਲ ਫੜਾ ਦਿੱਤਾ ਜਾਂਦਾ ਸੀ। ਪਰ ਭਾਰਤ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਬਾਦਲਕਿਆਂ ਦਾ ਜ਼ੁਲਮ ਸਿੱਖਾਂ ਨੂੰ ਖਾਲਿਸਤਾਨ ਦੇ ਨਿਸ਼ਾਨੇ ਤੋਂ ਭਟਕਾ ਅਤੇ ਥਿੜਕਾ ਨਹੀਂ ਸਕਿਆ ਹੈ।

# ਸਾਫ਼ ਪੀਣ ਯੋਗ ਪਾਣੀ ਅਤੇ ਸਾਫ਼ ਹਵਾ ਸਾਡੀਆਂ ਮੁੱਢਲੀਆਂ ਜ਼ਰੂਰਤਾਂ: ਐੱਸ.ਡੀ.ਓ ਅਰਵਿੰਦ ਬਲਾਣਾ

**ਜਲਾਲਾਬਾਦ, ਫਾਜ਼ਿਲਕਾ** - ਜਲ ਬਚਾਓ ਜਾਗਰੂਕਤਾ ਮੁਹਿੰਮ 2025 ਅਤੇ ਵਿਸ਼ਵ ਵਾਤਾਵਰਣ ਦਿਵਸ 2025 ਦੀ ਚੱਲ ਰਹੀ ਲੜੀ ਤਹਿਤ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਮੰਡਲ ਫਾਜ਼ਿਲਕਾ ਦੇ ਕਾਰਜਕਾਰੀ ਇੰਜੀਨੀਅਰ ਸ਼੍ਰੀ ਚਮਕ ਸਿੰਗਲਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਉਪ ਮੰਡਲ ਇੰਜੀਨੀਅਰ ਸ਼੍ਰੀ ਅਰਵਿੰਦ ਬਲਾਣਾ ਨੇ ਜਲ ਘਰ ਵਿੱਚ ਬੂਟੇ ਲਗਾ ਕੇ ਸ਼ੁਰੂਆਤ ਕੀਤੀ ਅਤੇ ਮੰਡਲ ਅਧੀਨ ਪੈਂਦੇ ਸਾਰੇ ਜਲ ਘਰਾਂ ਵਿੱਚ ਛਾਂ-ਦਾਰ ਅਤੇ ਰਵਾਇਤੀ ਬੂਟੇ ਲਗਾਉਣ ਦੀ ਅਪੀਲ ਵੀ ਕੀਤੀ।

ਉਹਨਾਂ ਦੱਸਿਆ ਕੇ ਵਾਤਾਵਰਣ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਹਿਤ ਸ਼ੋਸ਼ਲ ਸਟਾਫ ਵੱਲੋਂ ਪਿੰਡ-ਪਿੰਡ ਜਾ ਕਿ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।

ਇਸ ਮੁਹਿੰਮ ਦੌਰਾਨ ਪਿੰਡ ਗੁਮਾਨੀ ਵਾਲਾ, ਚੱਕ ਪੰਜਕੋਹੀ, ਰੋੜਾ ਵਾਲਾ, ਚੱਕ ਖੁੜੰਜ ਆਦਿ ਗ੍ਰਾਮ ਪੰਚਾਇਤਾਂ ਅਤੇ ਪਿੰਡ ਵਾਸੀਆਂ ਨੂੰ ਆਪਣੇ ਘਰ ਅਤੇ ਆਪਣੇ ਆਲੇ ਦੁਆਲੇ ਦੇ ਚੌਗਿਰਦੇ ਨੂੰ ਸਾਫ ਰੱਖਣ ਅਤੇ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਥੱਲੇ ਜਾ ਰਹੇ ਪੱਧਰ ਨੂੰ ਰੋਕਣ ਬਾਰੇ ਜਾਗਰੂਕ ਕੀਤਾ ਗਿਆ। ਬਲਾਕ ਜਲਾਲਾਬਾਦ ਅਧੀਨ ਪੈਂਦੇ ਪਿੰਡਾਂ ਵਿੱਚ ਪਿੰਡ ਵਾਸੀਆਂ ਨੂੰ ਬਰਸਾਤ ਦੇ ਪਾਣੀ ਦੀ ਸੰਭਾਲ ਅਤੇ ਵਰਤੋ ਬਾਰੇ ਵੀ ਜਾਗਰੂਕ ਕੀਤਾ, ਵਿਭਾਗ ਵੱਲੋਂ ਪਿੰਡਾਂ ਵਿੱਚ ਜਲ ਘਰਾਂ ਤੋਂ ਮੁਹਈਆ ਕੀਤਾ ਜਾ ਰਿਹਾ ਸਾਫ ਸੁਥਰਾ ਪੀਣ ਯੋਗ ਪਾਣੀ ਦੀ ਵਰਤੋਂ ਸੰਜਮ ਨਾਲ ਕਰਨ ਬਾਰੇ ਸਮਝਾਇਆ ਗਿਆ।

# ਹੇਮਕੁੰਟ ਸਕੂਲ ਵਿੱਚ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ




**ਜ਼ੀਰਾ / ਅੰਗਰੇਜ਼ ਬਰਾੜ**

ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਮੋਗਾ ਸਰਦਾਰ ਦਵਿੰਦਰ ਸਿੰਘ ਲੋਟੇ, 5 ਪੰਜਾਬ ਬਟਾਲੀਅਨ ਦੇ ਕਮਾਂਡਰ ਅਫ਼ਸਰ ਸੁਨੀਲ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਾਤਾਵਰਨ ਦੀ ਸ਼ੁੱਧਤਾ ਲਈ ਸ੍ਰੀ ਹੇਮਕੁਟ ਸੀਨੀਅਰ ਸੈਕੰਡਰੀ ਸਕੂਲ ਕੋਟ ਈਸੇ ਖਾਂ ਦੇ ਐਮ ਐਸ ਐਸ ਵਲੰਟੀਅਰਜ, ਐਨ ਸੀ ਸੀ ਅਤੇ ਸਮੂਹ ਸਟਾਫ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸਰਦਾਰ ਕੁਲਵੰਤ ਸਿੰਘ ਸੰਧੂ ਅਤੇ ਐਮ ਡੀ ਮੈਡਮ ਰਣਜੀਤ ਕੌਰ ਸੰਧੂ ਨੇ ਵਾਤਾਵਰਨ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਮਨੁੱਖ ਨੇ ਆਪਣੇ ਸਵਾਰਥ ਲਈ ਹਰੇ ਭਰੇ ਦਰਖਤਾਂ ਅਤੇ ਜੰਗਲਾਂ ਦਾ ਇੰਨਾ ਘਾਣ ਕਰ ਦਿੱਤਾ ਹੈ ਕਿ ਅੱਜ ਉਸਨੂੰ ਕੁਦਰਤੀ ਆਫਤਾਂ ਅਤੇ ਭਿਆਨਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਸਾਨੂੰ ਵਾਤਾਵਰਨ, ਜੀਵ ਜੰਤੂ ਅਤੇ ਧਰਤੀ ਹੇਠਲੇ ਪਾਣੀ ਤਲ ਨੂੰ ਬਚਾਉਣ ਲਈ ਵੱਧ ਤੋਂ ਵੱਧ ਦਰਖਤ ਲਗਾਉਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਦਰਖਤ ਲਗਾ ਕੇ ਅਸੀਂ ਜਲ ਪ੍ਰਦੂਸ਼ਣ ਅਤੇ ਹਵਾ ਪ੍ਰਦੂਸ਼ਣ ਤੋਂ ਬਚ ਸਕਦੇ ਹਾਂ। ਇਸ ਮੌਕੇ ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਦੀ ਨਿਗਰਾਨੀ ਹੇਠ ਐਨਐਸਐਸ ਵਲੰਟੀਅਰ ਐਨਸੀਸੀ ਅਤੇ ਸਮੂਹ ਸਟਾਫ ਨੇ ਸਕੂਲ ਦੇ ਅੰਦਰ ਅਤੇ ਬਾਹਰਵਾਰ ਫਲਦਾਰ ਅਤੇ ਸ਼ਾਨਦਾਰ ਪੌਦੇ ਲਗਾਏ ਅਤੇ ਇਹਨਾਂ ਪੌਦਿਆਂ ਦੀ ਸਾਂਭ ਸੰਭਾਲ ਕਰਨ ਕਰਨ ਦਾ ਪ੍ਰਣ ਕੀਤਾ। ਇਸ ਮੌਕੇ ਐਨ ਐਸ ਐਸ ਅਫਸਰ ਅਮੀਰ ਸਿੰਘ, ਸੁਰਿੰਦਰ ਕੌਰ ਅਤੇ ਐਨ ਸੀ ਸੀ ਐਨ ੳ ਮੈਡਮ ਸਿਮਰਨਜੀਤ ਕੌਰ ਤੇ ਸਮੂਹ ਸਟਾਫ ਹਾਜ਼ਰ ਸੀ।

# ਲੀਗਲ ਸੈਲ ਲੋਕ ਸੇਵਾ ਸੁਸਾਇਟੀ ਰਜਿ: ਦਾ ਗਠਨ ਕੀਤਾ ਗਿਆ

## ਐਡਵੋਕੇਟ ਜੀ ਐਸ ਬਾਜ ਪ੍ਰਧਾਨ ਜਸਪਾਲ ਧੁੰਨਾ ਜਨਰਲ ਸਕੱਤਰ ਬਣੇ

**ਅੰਮ੍ਰਿਤਸਰ**

ਜਰੂਰਤਮੰਦ ਲੋਕਾਂ ਵਾਸਤੇ ਕਾਨੂੰਨੀ ਸਹਾਇਤਾ ਮੁਹਈਆ ਕਰਾਉਣ ਲਈ ਅੰਮ੍ਰਿਤਸਰ ਦੇ ਪਤਵੰਤੇ ਲੋਕਾਂ ਵੱਲੋਂ ਲੀਗਲ ਸੈਲ ਲੋਕ ਸੇਵਾ ਸੁਸਾਇਟੀ ਰਜਿ: ਦਾ ਗਠਨ ਕੀਤਾ ਗਿਆ। ਤਹਿਸੀਲ ਕੰਪਲੈਕਸ ਵਿੱਚ ਕਰਵਾਈ ਗਈ ਇਕ ਬੈਠਕ ਦੌਰਾਨ ਸੀਨੀਅਰ ਐਡਵੋਕੇਟ ਜੀ ਐਸ ਬਾਜ ਨੂੰ ਪੰਜਾਬ ਦਾ ਪ੍ਰਧਾਨ ਚੁਣਿਆ ਗਿਆ। ਬੈਠਕ ਵਿੱਚ ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਕੌਮੀ ਪ੍ਰਧਾਨ ਅਤੇ ਆਪ ਨੇਤਾ ਅਸ਼ੋਕ ਡਿੰਪੀ ਚੌਹਾਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਬੈਠਕ ਵਿੱਚ ਨਵੇਂ ਬਣੇ ਪ੍ਰਧਾਨ ਜੀਐਸ ਬਾਜ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਇਆ ਸੋਸਾਇਟੀ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ



ਕੀਤਾ। ਜਿਸ ਵਿੱਚ ਵਰਿੰਦਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ,ਸੋਹਨਪ੍ਰੀਤ ਸਿੰਘ ਮੀਤ ਪ੍ਰਧਾਨ, ਜਸਪਾਲ ਸਿੰਘ ਧੁੰਨਾ ਜਨਰਲ ਸਕੱਤਰ, ਕਿਰਨਬੀਰ ਕੌਰ ਸਕੱਤਰ,ਮੁਨੀਸ਼ ਕੁਮਾਰ ਕੈਸ਼ੀਅਰ,ਬਲਜਿੰਦਰ ਸਿੰਘ ਕਾਨੂੰਨੀ ਸਲਾਹਕਾਰ,ਅਰਵਿੰਦਰ ਪਾਲ ਸਿੰਘ,ਸੁਖਚੈਨ ਸਿੰਘ,ਸੁਖਜਿੰਦਰ ਸਿੰਘ ਅਤੇ ਦੀਪਕ ਕੁਮਾਰ ਨੂੰ ਮੈਂਬਰ ਬਣਾਇਆ ਗਿਆ। ਇਸ ਮੌਕੇ ਤੇ ਬੋਲਦਿਆਂ ਹੋਇਆਂ ਐਡਵੋਕੇਟ ਜੀ ਐਸ ਬਾਜ ਨੇ ਆਖਿਆ ਕਿ ਇਹ ਸੁਸਾਇਟੀ ਜਰੂਰਤਮੰਦ ਲੋਕਾਂ ਦੀ ਕਾਨੂੰਨੀ ਸਹਾਇਤਾ ਕਰੇਗੀ, ਭਰਿਸ਼ਟਾਚਾਰ,ਮਿਲਾਵਟ ਖੋਰੀ,ਦਹੇਜ ਪ੍ਰਥਾ ਅਤੇ ਭਰੂਣ ਹੱਤਿਆ ਦੇ ਖਿਲਾਫ ਆਵਾਜ਼ ਉਠਾਏਗੀ। ਉਹਨਾਂ ਨੇ ਆਖਿਆ ਕਿ ਅਗਰ ਜਰੂਰਤਮੰਦ ਬੇਕਸੂਰ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਕਾਨੂੰਨੀ ਅੜਚਨ ਆਉਂਦੀ ਹੈ ਤਾਂ ਉਹ ਉਹਨਾਂ ਦੀ ਸਹਾਇਤਾ ਕਰਨ ਲਈ ਤਿਆਰ ਹਨ। ਬੈਠਕ ਵਿੱਚ ਮੌਜੂਦ ਸਾਰੇ ਮੈਂਬਰਾਂ ਨੇ ਪ੍ਰਧਾਨ ਐਡਵੋਕੇਟ ਜੀਐਸ ਬਾਜ ਨੂੰ ਸਰੋਪਾ ਪਾ ਕੇ ਸਨਮਾਨਿਤ ਕੀਤਾ ਅਤੇ ਕਿਹਾ ਕਿ ਉਹ ਤਨ ਮਨ ਧਨ ਦੇ ਨਾਲ ਜੀਐਸ ਬਾਜ ਨਾਲ ਮੋਢੇ ਨਾਲ ਮੋਢਾ ਜੋੜ ਕੇ ਹਰ ਵਕਤ ਖੜੇ ਹਨ ਅਤੇ ਪੂਰੀ ਮਿਹਨਤ ਤੇ ਇਮਾਨਦਾਰੀ ਦੇ ਨਾਲ ਇੱਕਜੁੱਟ ਹੋ ਕੇ ਅਸੀਂ ਜਰੂਰਤਮੰਦ ਲੋਕਾਂ ਵਾਸਤੇ ਕੰਮ ਕਰਾਂਗੇ।

# ਏਰੀਏ ਦੇ ਛੱਪੜਾ ਵਿਚ ਗੰਬੂਜੀਆ ਫਿਸ਼ ਪਾਈਆ ਗਈਆਂ

**ਜੰਡਿਆਲਾ ਗੁਰੂ ਗੁਰਦੇਵ ਸਿੰਘ ਮਨਜੋਤਰਾਂ**

ਸਾਰੇ ਸਰਕਾਰੀ ਤੇ ਪਰਾਈਵੇਟ ਹਸਪਤਾਲ ਦੀਆਂ ਬਿਲਡਿੰਗਾ ਦੀ ਚੈਕਿੰਗ ਕੀਤੀ ਗਈ

ਪੰਜਾਬ ਸਰਕਾਰ,ਸਿਹਤ ਵਿਭਾਗ ਦੇ ਹੁੱਕਮਾਂ ਅਤੇ ਸਿਵਲ ਸਰਜਨ ਅੰਮ੍ਰਿਤਸਰ ਡਾ:ਕਿਰਨਦੀਪ ਕੌਰ ,ਜਿਲਾ ਐਪੀਡੀਮੈਲੋਜਿਸਟ ਡਾ.ਹਰਜੋਤ ਕੌਰ, ਸੀਨੀਅਰ ਮੈਡੀਕਲ ਅਫਸਰ ਇੰਚ ਸੀ ਐਚ ਸੀ ਤਰਸਿੱਕਾ ਐਸ ਐਮ ੳ ਡਾਕਟਰ ਮੋਨਾ ਚਤਰਥ ਦੀ ਰਹਿਨੁਮਾਈ ਹੇਠ,ਅਤੇ ਸਹਾਇਕ ਮਲੇਰੀਆ ਅਫਸਰ ਕੰਵਲ ਬਲਰਾਜ ਸਿੰਘ ਦੀ ਯੋਗ ਅਗਵਾਈ ਹੇਠ ਸੀ ਐਚ ਸੀ ਤਰਸਿੱਕਾ ਦੇ ਏਰੀਏ ਵਿੱਚ ਅਜਮੇਰ ਸਿੰਘ ਸੋਹੀ ਐਸ ਐਮ ਆਈ, ਕਲਵਿੰਦਰਜੀਤ ਸਿੰਘ ਐਸ ਆਈ ਦੀ ਦੇਖ ਰੇਖ ਹੇਠ, ਡੇਂਗੂ ਤੇ ਵਾਰ ÷ ਅਭਿਆਨ ਤਹਿਤ ਡੇਂਗੂ,ਮਲੇਰੀਆ ਅਤੇ ਚਿਕਨਗੁਨੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਅਤੇ ਸੀ ਐਚ ਸੀ ਤਰਸਿਕਾ ਹੇਠ ਆਉਂਦੇ ਪਿੰਡਾਂ ਦੇ ਛੱਪੜਾਂ ਅਤੇ ਟਾਈਲ ਫੈਕਟਰੀਆਂ ਵਿੱਚ ਗਬੂਜੀਆ ਫਿਸ਼ ਪਾਈਆਂ ਗਈਆਂ ਤਾਂ ਕਿ ਇੱਥੇ ਪਾਣੀ ਵਿੱਚ ਡੇਂਗੂ ਅਤੇ ਮਲੇਰੀਏ ਦੇ ਲਾਰਵੇ ਨੂੰ ਖਤਮ ਕੀਤਾ ਜਾ ਸਕੇ ਅਤੇ ਵੱਖ-ਵੱਖ ਏਰੀਏ ਦੇ ਵਿੱਚ ਸਿਹਤ ਟੀਮਾਂ ਵੱਲੋਂ ਕੈਂਪ ਲਾ ਕੇ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ ਗਿਆਅਤੇ ਲੋਕਾਂ ਨੂੰ ਆਪਣੇ ਘਰਾਂ,ਆਲੇ ਦੁਆਲੇ ਅਤੇ ਸਕੂਲਾਂ ਦੀ ਸਾਫ ਸਫਾਈ ਰੱਖਣ, ਵਾਧੂ ਪਾਣੀ ਨਾ ਖੜ੍ਹਾ ਹੋਣ ਦੇਣ, ਫਰਿੱਜਾਂ ਦੀ ਹੇਠਲੀ ਪਿਛਲੇ ਪਾਸੇ ਵੇਸਟ ਪਾਣੀ ਵਾਲੀ ਟਰੇਅ,ਕੂਲਰ, ਗਮਲੇ,ਟਾਇਰ, ਕਬਾੜ ਆਦਿ ਵਿੱਚ ਪਾਣੀ ਜਮਾਂ ਨਾਂ ਹੋਣ ਦੇਣ ਬਾਰੇ ਦੱਸਿਆ ਗਿਆ ।ਇਸ ਮੁਹਿੰਮ ਤਹਿਤ ਸੀਨੀਅਰ ਮਲਟੀਪਰਪਜ ਹੈਲਥ ਸੁਪਰਵਾਈਜ਼ਰ ਅਜਮੇਰ ਸਿੰਘ ਸੋਹੀ ਅਤੇ ਕਲਵਿਦਰਜੀਤ ਸਿੰਘ ਹੈਲਥ ਸੁਪਰਵਾਈਜ਼ਰ ਨੇ ਡੇਂਗੂ ਬੁਖਾਰ ਦੇ ਲੱਛਣ, ਬਚਾਅ ਅਤੇ ਮੁਫਤ ਇਲਾਜ ਬਾਰੇ ਦੱਸਿਆ ਟੀਮ ਦੇ ਨਾਲ ਐਮ ਪੀ ਐਚ ਡਬਲਯੂ ਬਲਰਾਜਬੀਰ ਸਿੰਘ ,ਰਜਿੰਦਰ ਸਿੰਘ , ਗੁਰਮੁਖ ਸਿੰਘ ਬੀ ਈ ਈ , ਮੰਗਲ ਸਿੰਘ ਡਰਾਈਵਰ ਆਦਿ ਹਾਜਰ ਸਨ



# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ 'ਚ ਭਾਗ ਲੈਣ ਲਈ ਇੱਕ ਪਲੇਟਫਾਰਮ 'ਤੇ ਆਉਣਾ ਜਰੂਰੀ : ਹਰਦੇਵ ਸਿੰਘ ਕੌਂਸਲ

## ਰਾਮਗੜ੍ਹੀਆ ਸਿੱਖ ਆਰਗੇਨਾਈਜਸ਼ਨ ਇੰਡੀਆ ਨੇ ਕੀਤੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਮੋਰਿੰਡਾ ਨਾਲ ਮੁਲਾਕਾਤ

**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਰਾਮਗੜ੍ਹੀਆ ਸਿੱਖ ਆਰਗੇਨਾਈਜਸ਼ਨ ਇੰਡੀਆ ਅਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਂਡ ਐਜੂਕੇਸ਼ਨਲ ਟਰੱਸਟ ਸਿੰਘਪੁਰ ਹੁਸ਼ਿਆਰਪੁਰ ਦੇ ਮੈਂਬਰਾਂ ਨੇ ਪ੍ਰਧਾਨ ਇੰਡੀਆ ਹਰਦੇਵ ਸਿੰਘ ਕੌਂਸਲ ਦੀ ਅਗਵਾਈ ਹੇਠ ਮੋਰਿੰਡਾ ਵਿੱਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਮੋਰਿੰਡਾ ਦੇ ਸਰਪ੍ਰਸਤ ਕੁਲਵੀਰ ਸਿੰਘ ਤੇ ਸਾਰੇ ਫੈਡਰੇਸ਼ਨ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ, ਇਸ ਮੌਕੇ ਪਹਿਲਾਂ ਕੁਲਵੀਰ ਸਿੰਘ ਦੇ ਪਿਤਾ ਜੀ ਦੇ ਸਵਰਗਵਾਸ ਹੋਣ ਤੇ ਉਹਨਾਂ ਨਾਲ ਦੁੱਖ ਸਾਂਝਾ ਕਰਦਿਆਂ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ, ਹਰਦੇਵ ਸਿੰਘ ਕੌਂਸਲ ਪ੍ਰਧਾਨ ਇੰਡੀਆ ਨੇ ਦੱਸਿਆ ਕਿ ਰਾਮਗੜ੍ਹੀਆ ਕੌਮ ਦੀ ਅਗਵਾਈ ਕਰਨ ਲਈ ਉਹਨਾਂ ਕੋਲੋਂ ਇੱਕ



ਮੈਂਬਰ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ (ਆਰਐਸਓ) ਲਈ ਅਤੇ ਇੱਕ ਮੈਂਬਰ ਕਿਲੇ ਦੇ ਟਰੱਸਟ ਲਈ ਮੰਗੇ ਜਿਹਨਾ ਨੂੰ ਅਗਲੀ ਮੀਟਿੰਗ ਵਿੱਚ ਨਿਯੁਕਤੀ ਪੱਤਰ ਦਿੱਤੇ ਜਾਣਗੇ ਉਨ੍ਹਾਂ ਦੱਸਿਆ ਕਿ ਬਹੁਤ ਹੀ ਸਦਭਾਵਨਾ ਵਾਲੇ ਮਾਹੌਲ ਵਿੱਚ ਹੋਈ ਇਸ ਮੀਟਿੰਗ ਵਿੱਚ ਕੌਮ ਲਈ ਅੱਗੇ ਹੋ ਕੇ ਕੰਮ ਕਰਨ ਵਿੱਚ ਦਿਲਚਸਪੀ ਲੈਂਦਿਆਂ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਇਕੱਠੇ ਹੋ ਕੇ ਕੰਮ ਕਰਨ ਦਾ ਫੈਸਲਾ ਹੋਇਆ ਇਸ ਉਪਰੰਤ ਮੋਰਿੰਡਾ ਦੇ ਚੌਂਕ ਵਿੱਚ ਲਗਾਏ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਸਟੈਚੂ ਨੂੰ ਨਤਮਸਤਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ, ਇਸ ਮੌਕੇ ਕਿਲ੍ਹੇ ਦੀ ਉਸਾਰੀ ਲਈ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਮੋਰਿੰਡਾ ਦੇ ਸਰਪ੍ਰਸਤ ਕੁਲਵੀਰ ਸਿੰਘ ਤੇ ਸਾਰੀ ਫੈਡਰੇਸ਼ਨ ਵੱਲੋਂ 11000/- ਰੁਪਏ ਦਾ ਚੈਕ ਭੇਟ ਕੀਤਾ ਗਿਆ ਤੇ ਆਏ ਹੋਏ ਹਰਦੇਵ ਸਿੰਘ ਕੌਂਸਲ ਅਤੇ ਸਾਰੇ ਮੈਂਬਰਾਂ ਨੂੰ ਸਿਰੋਪਾਓ ਤੇ ਟਰੌਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ ਮੋਹਾਲੀ ਤੋਂ ਸ਼ਮਿੰਦਰ ਸਿੰਘ ਉੱਘੇ ਲੀਡਰ ਨਾਲ ਵੀ ਮੁਲਾਕਾਤ ਕੀਤੀ ਤੇ ਸ਼ ?ਰੋਮਣੀ ਕਮੇਟੀ ਚੋਣਾਂ ਲਈ ਅੱਗੇ ਵਧਣ ਲਈ ਵਿਚਾਰਾਂ ਹੋਈਆਂ, ਇਸ ਮੌਕੇ ਜਸਵੰਤ ਸਿੰਘ ਭੋਗਲ, ਰਵਿੰਦਰ ਸਿੰਘ ਮੁਕੇਰੀਆਂ, ਗੁਰਸੇਵਕ ਸਿੰਘ ਅਤੇ ਹੋਰ ਆਗੂ ਵੀ ਮੌਜੂਦ ਸਨ

# ਹੱਜ ਮੁਸਲਮਾਨਾਂ ਦੇ ਆਲਮੀ ਭਾਈਚਾਰੇ ਅਤੇ ਵਹਦਤੇ ਇਸਲਾਮੀ ਦੀ ਅਮਲੀ ਮਿਸਾਲ ਹੈ

## ਅਹਿਮਦੀਆ ਮੁਸਲਿਮ ਜਮਾਤ ਭਾਰਤ ਦੇ ਸਾਰੇ ਮੁਸਲਮਾਨ ਭਰਾਵਾਂ ਨੂੰ ਈਦ ਮੁਬਾਰਕ ਦਾ ਤੋਹਫਾ ਪੇਸ਼ ਕਰਦੀ ਹੈ

**ਹੁਸ਼ਿਆਰਪੁਰ / ਕਾਦੀਆਂ /ਤਰਸੇਮ ਦੀਵਾਨਾ**

ਅੱਜ ਮੁਸਲਿਮ ਜਮਾਤ ਅਹਿਮਦੀਆ ਭਾਰਤ ਦੇ ਮੁੱਖ ਕੇਂਦਰ ਕਾਦੀਆਂ ਵਿਖੇ ਈਦ ਉਲ ਅਜ ?ਹਾ ਦੀ ਨਮਾਜ਼ ਅਦਾ ਕੀਤੀ ਗਈ। ਇਸ ਮੌਕੇ ਕਾਦੀਆਂ ਅਤੇ ਆਸ ਪਾਸ ਦੇ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਲੋਕ ਨਮਾਜ਼ ਏ ਈਦ ਅਦਾ ਕਰਨ ਲਈ ਪਹੁੰਚੇ। ਇਹ ਈਦ ਕੁਰਬਾਨੀ ਵਾਲੀ ਈਦ ਦੇ ਨਾਂ ਤੋਂ ਵੀ ਜਾਣੀ ਜਾਂਦੀ ਹੈ। ਹਜ਼ਰਤ ਇਬਰਾਹੀਮ ਅਲੈਹਿੱਸਲਾਮ ਅਤੇ ਆਪ ਜੀ ਦੀ ਪਤਨੀ ਹਜ਼ਰਤ ਹਾਜਰਾ ਅਤੇ ਬੇਟੇ ਹਜ਼ਰਤ ਇਸਮਾਈਲ ਦੀ ਕੁਰਬਾਨੀ ਦੀ ਯਾਦ ਵਿੱਚ ਅਸੀਂ ਈਦ ਕੁਰਬਾਨ ਮਨਾਉਂਦੇ ਹਾਂ। ਅਤੇ ਹੱਜ ਅਦਾ ਕਰਦੇ ਹਾਂ।

ਕੁਰਾਨ ਮਜੀਦ ਸਾਨੂੰ ਦੱਸਦਾ ਹੈ ਕਿ ਜ਼ਾਹਰੀ ਕੁਰਬਾਨੀ ਦਾ ਗੋਸ਼ਤ ਅਤੇ ਉਸਦਾ ਖ਼ੂਨ ਅੱਲ੍ਹਾ ਤੱਕ ਨਹੀਂ ਪਹੁੰਚਦਾ ਹੈ। ਬਲਿਕੇ ਕੁਰਬਾਨੀ ਕਰਨ ਵਾਲੇ ਦੀ ਨੀਅਤ ਅਤੇ ਮੁਖਲੂਕੇ ਖ਼ੁਦਾ ਦੀ ਹਮਦਰਦੀ ਦੇ ਲਈ ਉਸ ਦੇ ਦਿਲੀ ਜਜ਼ਬੇ ਦਾ ਅਮਲੀ ਇਜ਼ਹਾਰ ਅੱਲ੍ਹਾ ਤੱਕ ਪਹੁੰਚਦਾ ਹੈ। ਇਹ ਈਦ ਹੱਜ ਅਤੇ ਜਾਨਵਰਾਂ ਦੀਆਂ ਕੁਰਬਾਨੀਆਂ ਇਹ ਕੇਵਲ ਜ਼ਾਹਰੀ ਕੁਰਬਾਨੀਆਂ ਨਹੀਂ ਹਨ। ਬਲਕਿ ਇਹ ਇੱਕ ਵੱਡੇ ਮਕਸਦ ਵੱਲ ਧਿਆਨ ਦਿਵਾਉਂਦੇ ਹਨ। ਅਤੇ ਉਹ ਮਕਸਦ ਅੱਲ੍ਹਾ ਦਾ ਹੱਕ ਅਦਾ ਕਰਨਾ ਅਤੇ ਉਸ ਦੀ ਮਖ਼ਲੂਕ ਦਾ ਹੱਕ ਅਦਾ ਕਰਨਾ ਹੈ ।ਅਤੇ ਇਹੀ ਦੋ ਹਕੂਕ ਹਨ ਜਿਹਨਾਂ ਨੂੰ ਕਾਇਮ ਕਰਨ ਦੇ ਲਈ ਅੱਲ੍ਹਾ ਤਾਅਲਾ ਨੇ ਜ਼ਾਹਰੀ ਕੁਰਬਾਨੀ ਦਾ ਹੁਕਮ ਦਿੱਤਾ ਹੈ। ਕੁਰਬਾਨੀ ਦੀ ਇਹ ਰੂਹ ਹਜ਼ਰਤ ਮੁਹੰਮਦ ਮੁਸਤਫ਼ਾ ਸਲਲਾਹੋ ਅਲੈਹੇਵਸਲਮ ਰਾਹੀਂ ਆਪਣੇ ਅਰੂਜ਼ ਨੂੰ ਪਹੁੰਚੀ ਕਿ ਆਪ ਜੀ ਨੇ ਹਕੂਕ ਅੱਲਾਹ ਅਤੇ ਇਨਸਾਨਾਂ ਦੀ ਹਮਦਰਦੀ ਦੇ ਲਈ ਆਪਣੀ ਜਾਨ ਮਾਲ ਅਤੇ ਆਪਣੀ ਸਾਰੀ ਕੋਸ਼ਿਸ਼ਾਂ ਕੁਰਬਾਨ ਕਰ ਦਿੱਤੀਆਂ। ਆਲਮੀ ਜਮਾਤ ਅਹਮਦੀਆਂ ਦੇ ਰੂਹਾਨੀ ਖਲੀਫਾ, ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ (ਖ਼ਲੀਫ਼ਤੁਲ ਮਸੀਹ ਅਲ-ਖ਼ਾਮਿਸ਼, ਅਈਦਹੁੱਲਾਹੁ ਤਆਲਾ ਬਿਨਸਰਿਹਿਲ ਅਜ਼ੀਜ਼) ਫ਼ਰਮਾਉਂਦੇ ਹਨ: "ਅਸਲੀ ਚੀਜ਼ ਤੱਕਵਾ (ਧਰਮ ਨੈਕੀ) ਨੂੰ ਅਪਣਾਉਣਾ ਹੈ, ਤੇ ਇਹੀ ਚੀਜ਼ ਹੈ ਜੋ ਅੱਲ੍ਹਾ ਤੱਕ ਪਹੁੰਚਦੀ ਹੈ। ਕੁਰਬਾਨੀਆਂ ਦਾ ਮਾਂਸ ਤੇ ਲਹੂ ਅੱਲਾਹ ਤੱਕ ਨਹੀਂ ਪਹੁੰਚਦੇ। ਅਸਲ ਗੱਲ ਕੁਰਬਾਨੀ ਦੀ ਰੂਹ, ਉਸ ਦੀ ਨੀਅਤ ਅਤੇ ਖ਼ਲੂਸ ਹੁੰਦੇ ਹਨ ਜੋ ਅੱਲਾਹ ਤੱਕ ਪਹੁੰਚਦੇ ਹਨ।"

ਈਦ ਉਲ ਅਜ਼ਹਾ ਦੇ ਇਨ੍ਹਾਂ ਪਵਿੱਤਰ ਦਿਨਾਂ ਵਿਚ ਮੁਸਲਮਾਨ ਇਹ ਅਹਿਦ ਕਰਦੇ ਹਨ ਕਿ ਜਿਸ ਤਰ੍ਹਾਂ ਅਸੀਂ ਜ਼ਾਹਰੀ ਕੁਰਬਾਨੀ ਕੀਤੀ ਹੈ ਉਸੇ ਤਰ੍ਹਾਂ ਅਸੀਂ ਅੱਲ੍ਹਾ ਦੇ ਹੱਕਾਂ ਦੀ ਅਦਾਇਗੀ ਅਤੇ ਮਖ਼ਲੂਕ ਖ਼ੁਦਾ ਦੀ ਹਮਦਰਦੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇ ਲਈ ਤਿਆਰ ਰਹਾਂਗੇ।

ਈਦ ਦੇ ਇਸ ਮੌਕੇ ਤੇ ਮੁਸਲਿਮ ਜਮਾਤ ਅਹਿਮਦੀਆ ਭਾਰਤ ਦਾ ਇਹੀ ਸੰਦੇਸ਼ ਹੈ ਕਿ ਅਸੀਂ ਆਪਣੀ ਖ਼ਾਹਿਸ਼ਾਂ ਨੂੰ ਕੁਰਬਾਨ ਕਰਕੇ ਬਿਨਾਂ ਧਾਰਮਿਕ ਭੇਦਭਾਵ ਦੇ ਦੂਸਰਿਆਂ ਦੇ ਹੱਕਾਂ ਦੀ ਅਦਾਇਗੀ ਨੂੰ ਆਪਣਾ ਫ਼ਰਜ਼ ਸਮਝ ਲਵਾਂਗੇ ਤਾਂ ਈਦ ਮਨਾਉਣ ਦਾ ਸਾਡਾ ਮਕਸਦ ਪੂਰਾ ਹੋਵੇਗਾ। ਕਾਦੀਆਂ "ਦਾਰੁਲ ਅਮਾ" ਵਿੱਚ, ਈਦ ਉਲ ਅਜ਼ਹਾ ਦੇ ਮੁਬਾਰਕ ਮੌਕੇ 'ਤੇ ਹਮਸਾਏ ਵੀ ਆਪਣੇ ਮੁਸਲਮਾਨ ਭਰਾਵਾਂ ਨੂੰ ਗਲੇ ਮਿਲੇ, ਈਦ ਦੀਆਂ ਲੱਖ-ਲੱਖ ਮੁਬਾਰਕਾਂ ਦਿੱਤੀਆਂ ਅਤੇ ਚੰਗੀਆਂ ਖ਼ਾਹਿਸ਼ਾਵਾਂ ਦਾ ਇਜ਼ਹਾਰ ਕੀਤਾ।

ਅਸੀਂ ਅੱਲਾਹ ਤਆਲਾ ਕੋਲ ਦੁਆ ਕਰਦੇ ਹਾਂ ਕਿ ਉਹ ਇਸ ਈਦ ਨੂੰ ਪੂਰੀ ਉਮਤ ਮੁਸਲਮਾ ਲਈ ਖ਼ੈਰ ਤੇ ਬਰਕਤ ਵਾਲੀ ਬਣਾਏ ਅਤੇ ਸਾਨੂੰ ਹੱਕੂਕੁੱਲਾਹ ਦੇ ਨਾਲ-ਨਾਲ ਹੱਕੂਕੁਲ ਇਬਾਦ ਅਦਾ ਕਰਨ ਦੀ ਵੀ ਪੂਰੀ ਤੌਫੀਕ ਬਖ਼ਸ਼ਦਾ ਰਹੇ।

# ਖੇਲਾ ਅਤੇ ਭੋਜੋਵਾਲੀ ਤੋ ਵੱਖ ਵੱਖ ਪਾਰਟੀਆਂ ਦੇ ਆਗੂ ਕਾਗਰਸ ਚ ਸ਼ਾਮਲ

## ਸਾ ਵਿਧਾਇਕ ਸਿੱਕੀ ਵਲੋਂ ਸ਼ਾਮਲ ਹੋਣ ਵਾਲਿਆ ਨੂੰ ਸਨਮਾਨਿਤ ਕੀਤਾ

**ਫਤਿਆਬਾਦ/ ਹੀਰਾ ਸਿੰਘ ਸੇਠੀ**

ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੂੰ ਉਦੋ ਵੱਡਾ ਬਲ ਮਿਲਿਆ ਜਦੋ ਪਿੰਡ ਖੇਲਾ ਅਤੇ ਭੋਜੋਵਾਲੀ ਦੇ ਦਰਜਨਾ ਪਰਿਵਾਰ ਅਕਾਲੀ ਦਲ , ਮੌਜੂਦਾ ਪਾਰਟੀ ਆਮ ਆਦਮੀ ਪਾਰਟੀ ਅਤੇ ਬੀਜੇਪੀ ਨੂੰ ਛੱਡ ਕੇ ਕਾਂਗਰਸ ਪਾਰਟੀ ਚ ਹੋਏ ਸਾਮਿਲ ਹੋਏ। ਇਸ ਮੌਕੇ ਤੇ ਸ਼ਾਮਲ ਹੋਣ ਵਾਲਿਆ ਨੂੰ ਸਨਮਾਨਿਤ ਕਰਦੇ ਹੋਏ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਕਿਹਾ ਕਿ ਮੈ ਨਵੇਂ ਜੁੜੇ ਪਰਿਵਾਰਾਂ ਦਾ ਧੰਨਵਾਦ ਕਰਦਾ ਹਾਂ ਜਿਨਾ ਨੇ ਮੇਰਾ ਸਾਥ ਦੇਣ ਦਾ ਫੈਸਲਾ ਲਿਆ ਹੈ ਮੈ ਕਾਂਗਰਸ ਪਾਰਟੀ ਚ ਆਉਣ ਤੇ ਸਾਰੇ ਸਾਥੀਆਂ ਨੂੰ ਜੀ ਆਇਆਂ ਨੂੰ ਆਖਦਾ ਅਤੇ ਵਿਸ਼ਵਾਸ ਦਿਵਾਉਣਾ ਹਾ ਕਿ ਕਾਂਗਰਸ ਪਾਰਟੀ ਚ ਹਰੇਕ ਵਰਕਰ ਨੂੰ ਮਾਨ ਸਨਿਮਾਨ ਮਿਲੇਗਾ।

ਉਨਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਪਿੰਡ ਖੇਲਾ,ਭੋਜੋਵਾਲੀ ਦੀ ਸਰਪੰਚੀ ਚੋਣ ਚ ਕਾਂਗਰਸ ਪਾਰਟੀ ਨੂੰ ਜਿਤਾ ਕੇ ਜੋ ਮਜ਼ਬੂਤੀ ਬਖਸ਼ੀ ਹੈ।

ਇਸ ਮੌਕੇ ਤੇ ਸਾ ਵਿਧਾਇਕ ਸਿੱਕੀ ਦੇ ਪੀਏ ਰਣਜੀਤ ਸਿੰਘ



ਰਾਣਾ ਪਵਾਰ ਨੇ ਕਿਹਾ ਕਿ ਮੈ ਸਮੁੱਚੇ ਖੇਲਾ ਅਤੇ ਭੋਜੋਵਾਲੀ ਨਗਰ ਨਿਵਾਸੀਆਂ ਦਾ ਧੰਨਵਾਦ ਕਰਦਾ ਹਾਂ ਜਿਨਾ ਨੇ ਸਰਪੰਚੀ ਦੀ ਚੋਣ ਚ ਸਾਡੇ ਪਰਿਵਾਰ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਹੁਣ ਕਾਗਰਸ ਪਾਰਟੀ ਚ ਸ਼ਾਮਲ ਹੋ ਕੇ ਸਿੱਕੀ ਜੀ ਦਾ ਸਮਰਥਨ ਕਰਨ ਦਾ ਮਨ ਬਣਾਇਆ ਹੈ। ਇਸ ਮੌਕੇ ਤੇ ਪਿੰਡ ਖੇਲਾ ਭੋਜੋਵਾਲੀ ਤੋ ਸੀਨੀਅਰ ਕਾਂਗਰਸੀ ਆਗੂ ਸਰਪੰਚ ਪ੍ਰਕਾਸ਼ ਸਿੰਘ ਪਵਾਰ,ਸੀਨੀਅਰ ਕਾਂਗਰਸੀ ਆਗੂ ਦੀਦਾਰ ਸਿੰਘ ਖੇਲਾ,ਅੰਗਰੇਜ ਸਿੰਘ ਫੋਜੀ,ਪ੍ਰਭ ਖੇਲਾ,ਹਰਜੀਤ ਸਿੰਘ ਪਵਾਰ ,ਜਗਰੂਪ ਸਿੰਘ ਪਵਾਰ,ਮੈਂਬਰ ਪੰਚਾਇਤ ਬਲਵਿੰਦਰ ਸਿੰਘ ਪਵਾਰ ,ਸੁਰਿੰਦਰ ਸਿੰਘ ਪਵਾਰ,ਹਰਦੀਪ ਸਿੰਘ ਪਵਾਰ,ਹੁਸਨਪ੍ਰੀਤ ਸਿੰਘ ਪਵਾਰ ,ਹਰਪ੍ਰੀਤ ਸਿੰਘ ਪਵਾਰ, ਅਮਰਜੀਤ ਸਿੰਘ ਪਵਾਰ,ਰਮਨ ਪਵਾਰ,ਤੋ ਇਲਾਵਾ ਰਣਬੀਰ ਸਿੰਘ ਭੈਲ,ਸਰਪੰਚ ਜਗਰੂਪ ਸਿੰਘ ਖਵਾਸਪੁਰ,ਜੁਗਰਾਜ ਸਿੰਘ ਰੰਧਾਵਾ ,ਨੰਬਰਦਾਰ ਭਜਨ ਸਿੰਘ ਭੈਲ ਤੋ ਇਲਾਵਾ ਨਵੇ ਸ਼ਾਮਲ ਹੋਏ ਪਰਿਵਾਰਾਂ ਚ ਨੰਬਰਦਾਰ ਰਣਜੀਤ ਸਿੰਘ ,ਨੌਜਵਾਨ ਆਗੂ ਰਵਿੰਦਰ ਸਿੰਘ ,ਅੰਮ੍ਰਿਪਾਲ ਸਿੰਘ ਬਾਊ, ਅਰਸ਼ਦੀਪ ਸਿੰਘ ,ਅਮਰਜੀਤ ਸਿੰਘ ,ਹਰਦੀਪ ਸਿੰਘ ,ਬਾਬਾ ਮੰਗਲ ਸਿੰਘ,ਸੁਰਜਨ ਸਿੰਘ,ਰਵਿੰਦਰ ਸਿੰਘ ਗੁਰਨੂਰ ਸਿੰਘ ,ਮਨਦੀਪ ਸਿੰਘ ,ਜਰਨੈਲ ਸਿੰਘ ,ਆਤਮਾ ਸਿੰਘ,ਗੁਰਵੇਲ ਸਿੰਘ ,ਗੁਰਜੰਟ ਸਿੰਘ,ਸੁਖਮਨ ਸਿੰਘ,ਅਰਸ਼ ਸਿੰਘ ,ਹਰਦੀਪ ਸਿੰਘ ਦੀਪਾ,ਮੰਗਲ ਸਿੰਘ ,ਬਲਜੀਤ ਸਿੰਘ ,ਬਾਬਾ ਮਨਪ੍ਰੀਤ ਸਿੰਘ ਡੇਹਰੀ ਵਾਲੇ ,ਨਿਰਮਲ ਸਿੰਘ ਮਿਸਤਰੀ ,ਸੁਖਜੀਤ ਸਿੰਘ ,ਸੋਨੂੰ ਮਿਸਤਰੀ ,ਜਰਨੈਲ ਸਿੰਘ ਜੈਲਾ ਪ੍ਰਧਾਨ ,ਕੁਲਵੰਤ ਸਿੰਘ ਬਾਊ ,ਸੁੱਖਾ ਸਿੰਘ ,ਸਿਮਰਨਜੀਤ ਸਿੰਘ ਗੁਰਸਾਹਿਬ ਸਿੰਘ ,ਲਵਪ੍ਰੀਤ ਸਿੰਘ ਬੀਤਾ ਸਿੰਘ ,ਮਲਕੀਤ ਸਿੰਘ ਗੁਰਪ੍ਰੀਤ ਸਿੰਘ ,ਕਸ਼ਮੀਰ ਸਿੰਘ ,ਸੁਖਦੇਵ ਸਿੰਘ ਭੱਠਲੀਆ ਪਰਿਵਾਰ, ਬਾਪੂ ਵਿਸਾਖਾ ਸਿੰਘ ,ਪਿੰਦਰਜੀਤ ਸਿੰਘ ਜਗਰੂਪ ਸਿੰਘ ,ਰੋਬਨਜੀਤ ਸਿੰਘ, ਗੁਰਸ਼ਬਦ ਸਿੰਘ ,ਸਾਬਕਾ ਸਰਪੰਚ ਹਰਭਜਨ ਸਿੰਘ ਖੇਲਾ ,ਮੌਜੂਦਾ ਮੈਂਬਰ ਪੰਚਾਇਤ ਜਗਪਾਲ ਸਿੰਘ ਖੇਲਾ ,ਮੌਜੂਦਾ ਮੈਂਬਰ ਪੰਚਾਇਤ ਜੈਮਲ ਸਿੰਘ ਖੇਲਾ ਮੌਜੂਦਾ ਮੈਂਬਰ ਪੰਚਾਇਤ ਅਮਰਜੀਤ ਸਿੰਘ ਲੱਕੀ ਖੇਲਾ ,ਜਗਤਾਰ ਸਿੰਘ ਖੇਲਾ ,ਸੁਰਜੀਤ ਸਿੰਘ, ਕਰਨੈਲ ਸਿੰਘ ਖੇਲਾ ,ਸੁਰਜੀਤ ਸਿੰਘ ਦਿੱਲੀਵਾਲੇ, ਵਿਜੈ ਸਿੰਘ ,ਹੈਪੀ ਸਿੰਘ ਤੇ ਹੋਰ ਸ਼ਾਮਲ ਹੋਏ।

# ਅੱਤ ਦੀ ਗਰਮੀ ਵਿੱਚ ਰੇੜ੍ਹਿਆ ਦੇ ਮਾਲਕਾ ਵਲੋਂ ਘੋੜਿਆ ਤੋ ਸਿਖਰ ਦੁਪਿਹਰੇ ਵੀ ਲਿਆ ਜਾ ਰਿਹਾ ਹੈ ਕੰਮ : ਮਿੰਨੀ ਧੀਰ ਮਨਸੂਰਪੁਰ

**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਅੱਤ ਦੀ ਗਰਮੀ ਨੂੰ ਦੇਖਦੇ ਜਿੱਥੇ ਪੰਜਾਬ ਸਰਕਾਰ ਵਲੋਂ ਲੋਕਾਂ ਨੂੰ ਬਚਣ ਲਈ ਅਤੇ ਦੁਪਿਹਰ ਦੇ ਸਮੇ ਘਰ ਵਿੱਚ ਰਹਿਣ ਦੀ ਸਲਾਹ ਦਿੱਤੀ ਜਾ ਰਹੀ ਹੈ ਉਥੇ ਹੀ ਬੇਜੁਬਾਨ ਰੇੜ੍ਹਿਆ ਘੋੜਿਆ ਤੋਂ ਰੇੜਾ ਚਾਲਕਾ ਵਲੋਂ ਸਿਖਰ ਦੁਪਿਹਰੇ ਕੰਮ ਲਿਆ ਜਾਂਦਾ ਹੈ ਤੇ ਕੰਮ ਨਾ ਹੋਣ ਤੇ ਵੀ ਇਨ੍ਹਾਂ ਚਾਲਕਾਂ ਵਲੋਂ ਘੋੜਿਆ ਨੂੰ ਸਿਖਰ ਦੁਪਿਹਰੇ ਧੁੱਪ ਵਿੱਚ ਹੀ ਖੜ੍ਹਾ ਕੀਤਾ ਜਾਦਾ ਹੈ। ਇੰਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੋਪਾਇਆ ਜੀਵ ਰਕਸ਼ਾ ਫਾਊਡੇਸ਼ਨ ਦੀ ਮੈਂਬਰ ਮਿੰਨੀ ਧੀਰ ਮਨਸੂਰਪੁਰ ਨੇ ਕੁਝ ਚੌਣਵੇਂ ਪੱਤਰਕਾਰਾ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਕੀਤਾ। ਜਿਕਰ ਯੋਗ ਹੈ ਕਿ ਲੰਮੇ ਸਮੇ ਤੋਂ ਇਸ ਸੰਸਥਾਂ ਦੇ ਜਰੀਏ ਅਵਾਰਾ ਕੁੱਤਿਆ ਦੀ ਸੇਵਾ ਕਰਦੀ ਨਜ਼ਰ ਆ ਰਹੀ ਹੈ ਤੇ ਬਿਮਾਰ ਕੁੱਤਿਆ ਨੂੰ ਇਲਾਜ਼ ਲਈ ਅਕਸਰ ਪਿੰਡ ਮਨਸੂਰਪੁਰ ਤੋਂ ਮੁਕੇਰੀਆਂ ਪਸ਼ੂ ਹਸਪਤਾਲ ਇਲਾਜ਼ ਲਈ ਆਉਂਦੀ ਰਹਿੰਦੀ ਹੈ । ਮਿੰਨੀ ਧੀਰ ਮਨਸੂਰਪੁਰ ਦਾ ਕਹਿਣਾ ਹੈ ਕਿ ਜਿਸ ਵਕਤ ਰੇੜ੍ਹਿਆ ਘੋੜਿਆ ਦੇ ਚਾਲਕਾਂ ਵਲੋਂ ਜਰੂਰਤ ਤੋਂ ਜਿਆਦਾ ਭਾਰ



ਜਾਂ ਸਿਖਰ ਦੁਪਿਹਰ ਵੇਲੇ ਇੰਨ੍ਹਾਂ ਘੋੜਿਆ ਨੂੰ ਬਿੰਨਾ ਕੰਮ ਤੋਂ ਧੁੱਪੇ ਹੀ ਖੜ੍ਹਾ ਰਹਿਣ ਦਿੱਤਾ ਜਾਂਦਾ ਹੈ ਉਹਨਾ ਕਿਹਾ ਕਿ ਰੇੜਾ ਚਾਲਕ ਆਪ ਪੱਖੇ ਦੀ ਹਵਾ ਖਾਂਦੇ ਹਨ ਤਾਂ ਘੋੜੇ ਨੂੰ ਧੁੱਪੇ ਹੀ ਖੜ੍ਹਾ ਕਰ ਦਿੰਦੇ ਹਨ ਤਾ ਫਿਰ ਮੇਰੇ ਕੋਲੋ ਸਹਿਣ ਨਹੀ ਹੁੰਦਾ ਕਿ ਇਹ ਇਨਸਾਨ ਜਾਨਵਰਾ ਨਾਲ ਇੰਨ੍ਹਾ ਬੁਰਾ ਸਲੂਕ ਕਿਉ ਕਰਦੇ ਹਨ ਜਦ ਕਿ ਇੰਨ੍ਹਾਂ ਘੋੜਿਆ ਦੇ ਸਿਰ ਤੋ ਘੋੜਾ ਚਾਲਕਾਂ ਦੇ ਘਰ ਦਾ ਗੁਜਾਰਾ ਚੱਲਦਾ ਹੈ ਤਾ ਫਿਰ ਆਪਣੇ ਘਰ ਦੇ ਮੈਂਬਰ ਦੀ ਤਰ੍ਹਾਂ ਇੰਨ੍ਹਾਂ ਜਾਨਵਰਾ ਨੂੰ ਆਪਣੇ ਘਰ ਦਾ ਮੈਂਬਰਾਂ ਦੀ ਤਰ੍ਹਾਂ ਕਿਉ ਨਹੀ ਸਮਝਿਆ ਜਾਂਦਾ ਹੈ। ਮਿੰਨੀ ਧੀਰ ਮਨਸੂਰਪੁਰ ਨੇ ਕਿਹਾ ਕਿ ਜਦੋਂ ਮੇਰੇ ਵਲੋਂ ਇੰਨ੍ਹਾਂ ਰੇੜ੍ਹਿਆ ਘੋੜਿਆ ਚਾਲਕਾ ਨਾਲ ਗੱਲ ਕੀਤੀ ਤਾਂ ਆਖਦੇ ਹਨ ਕਿ ਇਹ ਜਾਨਵਰ ਹਨ ਕੀ ਇੰਨ੍ਹਾਂ ਅੰਦਰ ਜਾਨ ਨਹੀ ਹੈ ਕੀ ਇਨ੍ਹਾਂ ਨੂੰ ਇਨਸਾਨ ਦੀ ਤਰ੍ਹਾਂ ਗਰਮੀ, ਭੁੱਖ, ਪਿਆਸ ਨਹੀ ਲੱਗਦੀ ? ਚੋਪਾਇਆ ਜੀਵ ਰਕਸ਼ਾ ਫਾਊਡੇਸ਼ਨ ਮੈਂਬਰ ਮਿੰਨੀ ਧੀਰ ਮਨਸੂਰਪੁਰ ਨੇ ਡੀ. ਸੀ ਹੁਸ਼ਿਆਰਪੁਰ ਆਸ਼ਿਕਾ ਜੈਨ ਤੋਂ ਮੰਗ ਕੀਤੀ ਕਿ ਪੂਰੇ ਹੁਸ਼ਿਆਰਪੁਰ ਜ਼ਿਲ੍ਹੇ 'ਚ ਸਿਖਰ ਦੁਪਿਹਰੇ ਰੇੜ੍ਹਿਆ ਘੋੜਿਆ ਦੀ ਬੇਹਤਰੀ ਲਈ ਅੱਤ ਦੀ ਗਰਮੀ ਦੌਰਾਨ ਇਨ੍ਹਾਂ ਘੋੜਿਆ ਕੋਲੋ ਕੰਮ ਨਾ ਲੈਣ ਲਈ ਰੇੜਾ ਚਾਲਕਾਂ ਨੂੰ ਆਡਰ ਦਿੱਤੇ ਜਾਣ ਤਾਂ ਜੋ ਬੇਜੁਬਾਨ ਜਾਨਵਰਾਂ ਨੂੰ ਕੁਝ ਰਾਹਤ ਮਿਲ ਸਕੇ।

# ਸ੍ਰ. ਸੁਖਦੇਵ ਸਿੰਘ ਢੀਂਡਸਾ - ਦਰਵੇਸ਼ ਸਿਆਸਤ ਦੇ ਯੁੱਗ ਦਾ ਅੰਤ

ਸ੍ਰ. ਸੁਖਦੇਵ ਸਿੰਘ ਢੀਂਡਸਾ, ਸਾਬਕਾ ਕੇਂਦਰੀ ਮੰਤਰੀ ਭਾਰਤ ਸਰਕਾਰ ਥੋੜੇ ਚਿਰ ਤੋਂ ਚੱਲ ਰਹੀਂ ਫੇਫੜਿਆ ਦੀ ਇਨਫੈਕਸ਼ਨ ਕਾਰਨ ਫੋਰ ?ਟ ?ਸ ਹਸਪਤਾਲ ਮੁਹਾਲੀ ਵਿੱਚ 28 ਮਈ ਨੂੰ ਸ਼ਾਮੀ 5 ਵੱਜੇ ਫਾਨੀ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ

ਮੇਰੀ ਮਾਸੀ ਪ੍ਰੀਤਮ ਕੌਰ ਉਹਨਾਂ ਦੇ ਵੱਡੇ ਸਾਲੇ ਮਰਹੂਮ ਸੁਖਦੇਵ ਸਿੰਘ ਚਾਹਲ ਨੂੰ ਸਨ 1970 ਵਿਚ ਮੰਗਵਾਲ ਪਿੰਡ ਚ ਵਿਆਹੀ ਸੀ,ਰਿਸ਼ਤਾ ਮੈਂ ਕਰਵਾਇਆ ਸੀ ਜਦੋਂ ਮੈਂ ਅਜੇ ਦਸਵੀਂ ਜਮਾਤ ਹੀ ਪਾਸ ਕੀਤੀ ਸੀ।

ਇਸ ਰਿਸ਼ਤੇਦਾਰੀ ਸਦਕਾ ਢੀਂਡਸਾ ਸਾਹਿਬ ਦਾ ਨਾਲ ਮੇਰਾ ਸੰਪਰਕ ਹੋਇਆ।ਫੇਰ ਉੱਨ੍ਹਾਂ ਮੇਰਾ ਰੂਹ ਤੇ ਕਲਬੂਤ ਵਾਲਾ ਰਿਸ਼ਤਾ ਤਾ ਜਿੰਦਗੀ ਨਿਭਿਆ। ਮੈਂ ਉੱਨ੍ਹਾਂ ਦਾ ਚਹੇਤਾ ਸਰਪੰਚ ਰਿਹਾ। ਐਸ ਜੀ ਪੀ ਸੀ ਦੀ ਚੋਣ ਲੜੀ। ਸਰਕਾਰੀ ਨੌਕਰੀ ਦੇ ਬਾਵਜੂਦ ਉੱਨ੍ਹਾਂ ਦੀ ਹਰ ਚੋਣ ਵਿੱਚ ਤਨ ਦੇਹੀ ਨਾਲ ਮਦਦ ਕੀਤੀ। ਉਹ ਹਰ ਔਖੇ ਵੇਲੇ ਉਹ ਮੇਰੇ ਨਾਲ ਖੜੇ।



ਡਾ ਹਰਕੇਸ਼ ਸਿੰਘ ਸਿੱਧੂ
ਸਾਬਕਾ ਡੀਸੀ ਸੰਗਰੂਰ

ਸ੍ਰ. ਢੀਂਡਸਾ ਦਾ ਜਨਮ ਪਟਿਆਲਾ ਰਿਆਸਤ ਦੇ ਪਿੰਡ ਉਭਾਵਾਲ ਵਿੱਚ ਮਾਤਾ ਲਾਭ ਕੌਰ ਦੀ ਕੁੱਖੋਂ ਜਥੇਦਾਰ ਰਤਨ ਸਿੰਘ ਦੇ ਘਰ 9ਅਪ੍ਰੈਲ 1936 ਨੂੰ ਹੋਇਆ ਹੋਇਆ।

ਉਹਨਾਂ ਦੀ ਮਾਤਾ ਜੀ, ਬਚਪਨ ਵਿੱਚ ਪਰਲੋਕ ਸਿਧਾਰ ਗਏ ਸਨ. ਉਹਨਾਂ ਨੂੰਬਚਪਨ ਵਿੱਚਮਾਂ ਅਤੇ ਮਾਸੀ ਦਾ ਪਿਆਰ ਮਾਸੀ ਵੱਲੋਂ ਮਿਲਿਆ ਜੋ ਪਿੰਡ ਭਿੰਡਰਾਂ ਵਿੱਚ ਸ਼ਾਦੀ ਸ਼ੁਦਾ ਸੀ।

ਢੀਂਡਸਾ ਸਾਹਿਬ ਤਿੰਨ ਭਰਾਵਾਂ ਚੋਂ ਸਭ ਤੋਂ ਛੋਟੇ ਸਨ। ਭਰਾਵਾਂ ਨੇ ਆਪਣੇ ਛੋਟੇ ਵੀਰ ਨੂੰ ਅੰਬਰ ਦੇ ਤਾਰੇ ਵਾਂਗ ਰੱਖਿਆ।. ਕਿਸੇ ਖ਼ੇਤੀ ਜਾ ਹੋਰ ਘਰੇਲੂ ਕੰਮ ਚ ਨਹੀ ਲਾਇਆ।.ਉਂਝ ਭਾਵੇ ਗਰਮੀਆਂ ਦੀਆਂ ਛੁੱਟੀਆਂ ਵੇਲੇ ਮੱਝਾਂ ਚਾਰਦੇ ਮੱਝ ਦੀ ਅਸਵਾਰੀ ਕਰਦੇ ਉੱਨ੍ਹਾਂ ਦੀ ਬਾਂਹ ਟੁੱਟ ਗਈ ਸੀ ਜੋ ਦੇਸੀ ਸਿਆਣੇ ਵੱਲੋਂ ਥੋੜ੍ਹੀ ਟੇਢੀ ਜੜੀ ਗਈ ਸੀ।

ਉਹ ਪਹਿਲਾ ਬਡਰੁੱਖਾਂ ਫੇਰ ਗੁਰੂ ਨਾਨਕ ਹਾਈ ਸਕੂਲ ਸੰਗਰੂਰ ਵਿੱਚ ਪੜੇ। ਪਹਿਲੀ ਜਮਾਤ ਚ ਹੀ ਚਾਰ ਕਿਲੋਮੀਟਰ ਟਿੱਬਿਆਂ ਦੇ ਰਾਹ ਪੈਦਲ ਜਾਂਦੇ। ਸੰਗਰੂਰ ਸਕੂਲ ਤੇ ਕਾਲਜ ਵਿਚ ਉਹ ਹੋਸਟਲ ਚ ਰਹੇ ਤੇ ਹਾਕੀ ਦੇ ਸਿਰ ਕੱਢ ਖਿਡਾਰੀ ਰਹੇ। ਕਾਲਜ ਚ ਬੀ ਏ ਦੇ ਆਖਰੀ ਸਾਲ ਚ ਉਹ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਰਹੇ ਉਹਨਾਂ ਦੇ ਨਾਲ ਸ੍ਰ. ਕ੍ਰਿਸ਼ਨ ਦੇਵ ਸਿੰਘ ਭੁਟਾਲ ਪਹਿਲਾ ਪ੍ਰਧਾਨ, ਫੇਰ ਢੀਂਡਸਾ ਸਾਹਿਬ ਨਾਲ ਸਕੱਤਰ ਰਹੇ।. ਬੀ ਏ ਕਰਨ ਸਾਰ ਕਾਲਜ ਵਿਚ ਸਭ ਤੋਂ ਵੱਧ ਅਨੁਸਾਸਿਤ ਤੇ ਸਾਊ ਵਿਦਿਆਰਥੀ ਹੋਣ ਕਰਕੇ ਕਾਲਜ ਦੇ ਲਾਇਬਰੇਰੀਅਨ ਲਾ ਦਿੱਤੇ.।ਥੋੜ੍ਹੀ ਦੇਰ ਬਾਅਦ ਬਲਾਕ ਸਮੰਤੀ ਚ ਟੈਕਸ ਕੋਲੇਕਟਰ ਰਹੇ। ਪੰਚਾਇਤੀ ਚੋਣਾਂ ਚ 1962 ਪਿੰਡ ਉਭਾਵਾਲ ਦੇ ਸਰਬਸੰਮਤੀ ਨਾਲ ਸ੍ਰਪੰਚ ਬਣੇ। ਅਗਲੇ ਸਾਲ ਮਾਰਕਿਟ ਕਮੇਟੀ ਸੰਗਰੂਰ ਦੀ ਚੋਣ ਲੜ ਕੇ ਚੇਅਰਮੈਨ ਬਣੇ।

ਸਨ 1962 ਵਿੱਚ ਹੀ ਉਹਨਾਂ ਦੀ ਸ਼ਾਦੀ ਪਿੰਡ ਮੰਗਵਾਲ ਵਿਖ਼ੇ ਜਥੇਦਾਰ ਚੰਨਣ ਸਿੰਘ ਅਜਾਦੀ ਘੁਲਾਟੀਏ ਦੀ ਵੱਡੀ ਬੇਟੀ,ਬੀਬੀ ਹਰਜੀਤ ਕੌਰ ਨਾਲ ਹੋਈ,ਜਿਨ੍ਹਾਂ ਦੀ ਕੁੱਖੋਂ ਦੋ ਬੇਟੀਆਂ ਮਨਦੀਪ ਕੌਰ ਅਤੇ ਰਮਨਦੀਪ ਕੌਰ ਅਤੇ ਸਪੁੱਤਰ ਸ੍ਰ. ਪਰਮਿੰਦਰ ਸਿੰਘ ਢੀਂਡਸਾ ਨੇ ਜਨਮ ਲਿਆ ਜੋ ਦਸ ਸਾਲ ਕੈਬਨਿਟ ਮੰਤਰੀ ਅਤੇ ਪੰਜ ਵਾਰ ਵਿਧਾਇਕ ਰਹੇ.।ਹੁਣ ਸ਼੍ਰੋਮਣੀ ਅਕਾਲੀ ਦਲ ਦੀ ਸੁਧਾਰ ਲਹਿਰ ਵਿੱਚ



ਸਰਗਰਮ ਭੂਮਿਕਾ ਨਿਭਾ ਰਹੇ ਹਨ।

ਸ੍ਰ. ਢੀਂਡਸਾ 1970 ਵਿੱਚ ਸੈਂਟਰਲ ਕੋਪ੍ਰੇਟਿਵ ਬੈਂਕ ਸੰਗਰੂਰ ਦੇ ਮੈਨੇਜਿੰਗ ਡਾਇਰੈਕਟਰ ਰਹੇ ਬਣੇ,ਉਥੋਂ ਹੀ ਧਨੋਲਾ ਹਲਕਾ ਤੋ 1972 ਵਿੱਚ ਅਜਾਦ ਐਮ ਐਲ ਏ ਬਣੇ੍ਉਸ ਵੇਲੇ ਗਿਆਨੀ ਜੈਲ ਸਿੰਘ ਮੁੱਖ ਮੰਤਰੀ ਨੇ ਸੁਨੇਹਾ ਭੇਜ ਕੇ ਮਾਰਕਫੈਡ ਦੀ ਚੇਅਰਮੈਨੀ ਅਤੇ ਦਸ ਲੱਖ ਦੀ ਪੇਸ਼ਕਸ਼ ਕੀਤੀ ਨਾਲ ਹੀ ਕਿਹਾ ਕਿ ਢੀਂਡਸਾ ਤੂੰ ਚੰਗਾ ਨੌਜਵਾਨ ਅੱਛੀ ਛੱਵੀ ਹੋਣ ਕਰਕੇ ਸਦਨ ਵਿੱਚ ਇੱਕੋ ਇੱਕ ਅਜਾਦ ਐਮ ਐਲ ਏ ਹੈਂ ਇਸ ਲਈ ਤੇਰਾ ਤੇਰਾ ਭਵਿੱਖ ਕਾਂਗਰਸ ਵਿੱਚ ਉਜਲਾ ਹੈ। ਉਹਨਾ ਨੇ ਹਲੀਮੀ ਨਾਲ ਪੇਸ਼ਕਸ਼ ਠੁਕਰਾਈ ਤੇ ਕਿਹਾ ਕਿ ਮੇਰੇ ਅੰਦਰ ਪਿਤਾ ਪੁਰਖੀ ਪੰਥਕ ਜਜਬਾ ਹੈ ਇਸ ਲਈ ਉਮਰ ਭਰ ਅਕਾਲੀ ਰਹਾਂਗਾ। ਅਕਾਲੀ ਪਾਰਟੀ ਵਿੱਚ ਸ਼ਾਮਲ ਹੋ ਕੇ ਵਿਰੋਧੀ ਧਿਰ ਦੇ ਉਪ ਲੀਡਰ ਰਹੇ। ਸਾਰੇ ਅਕਾਲੀ ਮੋਰਚਿਆ ਵਿੱਚ ਅਗਲੀ ਕਤਾਰ ਚ ਖਲੋ ਕੇ ਯੋਗਦਾਨ ਪਾਇਆ। 1977ਵਿੱਚ ਸੁਨਾਮ ਤੋ ਐਮ ਐਲ ਏ ਬਣਕੇ ਅਕਾਲੀ ਸਰਕਾਰ ਚ ਤਿੰਨ ਸਾਲ ਟਰਾਂਸਪੋਰਟ ਸਿੱਖਿਆ ਖੇਡਾਂ ਕਲਚਰਲ ਵਿਭਾਗਾਂ ਦੇ ਮੰਤਰੀ ਰਹੇ।

1980 ਵਿੱਚ ਸੰਗਰੂਰ 1985ਵਿੱਚ ਫੇਰ ਸੁਨਾਮ ਤੋ ਐਮ ਐਲ ਏ ਬਣੇ੍ ਸ੍ਰ. ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਚ ਕੈਬਨਿਟ ਮੰਤਰੀ ਦੀ ਪੇਸ਼ਕਸ਼ ਠੁਕਰਾ ਕੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਨਾਲ ਚਟਾਨ ਵਾਂਗ ਖੜੇ। ਸ਼੍ਰੋਮਣੀ ਅਕਾਲੀ ਵਿੱਚ ਲੰਮੇ ਸਮੇਂ ਤੱਕ ਦੋ ਨੰਬਰ ਪਜੀਸ਼ਨ ਤੇ ਸਕੱਤਰ ਜਨਰਲ ਰਹੇ।

1997 ਚ ਉਹ ਸੁਨਾਮ ਤੋ ਚੋਣ ਹਾਰ ਗਏ। ਉੱਨ੍ਹਾਂ ਨੂੰ ਕੈਬਿਨਟ ਰੈਂਕ ਚ ਪੰਜਾਬ ਯੋਜਨਾ ਬੋਰਡ ਦਾ ਉਪ ਚੇਅਰਮੈਨ ਲਾਇਆ ਗਿਆ ਕਿਉਕਿ ਚੇਅਰਮੈਨ ਮੁੱਖ ਮੰਤਰੀ ਹੁੰਦੈ। ਕੁੱਝ ਮਹੀਨਿਆਂ ਬਾਅਦ ਹੀ ਪੰਜਾਬ ਬਿਜਲੀ ਬੋਰਡ ਦਾ ਚੇਅਰਮੈਨ ਲਾ ਕੇ ਕੈਬਿਨੇਟ ਮੰਤਰੀ ਦਾ ਰੈਂਕ ਦਿੱਤਾ.। ਸਨ 2000 ਵਿੱਚ ਉਹ ਰਾਜ ਸਭਾ ਦੇ ਮੇਂਬਰ ਬਣਕੇ ਕੇਂਦਰੀ ਖਾਦ ਅਤੇ ਰਸਾਇਣ ਮੰਤਰੀ ਬਣੇ ਫੇਰ ਚਾਰ ਸਾਲ ਖੇਡ ਮੰਤਰੀ ਵੀ ਰਹੇ।

ਜਦੋਂ ਭਾਰਤੀ ਕ੍ਰਿਕਟ ਖੇਡ ਵਿੱਚ ਰਲ ? ਕੇ ਖੇਡਣ ਅਤੇ ਦਾਅ ਦੇ ਖੇਡਣ ਦੀ ਪੋਲ ਖੁੱਲੀ ਇਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਖੁੱਦ ਸਿਫਾਰਸ ਕੀਤੀ ਕਿ ਸੀ ਬੀ ਆਈ ਦੀ ਪੜਤਾਲ ਕਰਵਾਈ ਜਾਵੇ ਤਾਂ ਪ੍ਰਧਾਨ ਮੰਤਰੀ ਸ੍ਰੀ ਅੱਟਲ ਬਿਹਾਰੀ ਵਾਜਪਾਈ ਨੇ ਕਿਹਾ ਕਿ ਉਹ ਪਹਿਲੇ ਮੰਤਰੀ ਨੇ ਜੇਹੜੇ ਆਪਣੇ ਮਹਿਕਮੇ ਚ ਖੁੱਦ ਸੀ ਬੀ ਆਈ ਦੀ ਜਾਂਚ ਮੰਗੇ ਰਹੇ ਸਨ.।ਢੀਂਡਸਾ ਸਾਹਿਬ ਦਾ ਜਵਾਵ ਸੀ ਕਿ ਉਸ ਦਾ ਦਾਮਨ ਸਾਫ ਹੈ।

ਉਹ 2004 ਚ ਲੋਕ ਸਭਾ ਮੇਂਬਰ ਤੇ ਤਿੰਨ ਵਾਰੀ ਰਾਜ ਸਭਾ ਦੇ ਮੇਂਬਰ ਰਹੇ। ਕਿਸੇ ਅਹੁਦੇ ਤੇ ਪੰਥ ਅਤੇ ਸਰਕਾਰ ਨੂੰ ਕੋਈ ਖੁਨਾਮੀ ਨਹੀ ਲੱਗਣ ਦਿੱਤੀ

ਸ੍ਰ. ਢੀਂਡਸਾ ਪੰਜਾਬ ਓਲੰਪਿਕ ਐਸੋਸੀਏਸ਼ਨ ਦੇ 35 ਸਾਲ ਸਭ ਤੋ ਲੰਮਾ ਸਮਾਂ ਸਰਬਸੰਮਤੀ ਨਾਲ ਪ੍ਰਧਾਨ ਬਣਦੇ ਰਹੇ ਤੇ ਦਾਮਨ ਪਾਕ ਰਿਹਾ.। ਐਨੇ ਲੰਮੇ ਸਿਆਸੀ ਅਤੇ ਖੇਡ ਜਗਤ ਦੀ ਸੇਵਾ ਕਰਦੇ ਕਦੇ ਕਿਸੇ ਵਿਰੋਧੀ ਵੱਲੋਂ ਉਹਨਾਂ ਦੇ ਖਿਲਾਫ ਕੋਈ ਇਲਜਾਮ ਤੱਕ ਨਹੀ ਲੱਗਿਆ। ਸ੍ਰ. ਬੇਅੰਤ ਸਿੰਘ ਦੀ ਸਰਕਾਰ ਚ ਕੁੱਝ ਨਿੱਜੀ ਹਿੱਤਾਂ ਦੀ ਪੂਰਤੀਵਾਲੇ ਲੋਕਾ ਨੇ ਉਨ੍ਹਾਂ ਦੇ ਜੁਆਈ ਕਰਨਲ ਰਮਿੰਦਰ ਸਿੰਘ ਨੂੰ ਪੀ ਓ ਏ ਦਾ ਪ੍ਰਧਾਨ ਬਣਾਉਣ ਦੀ ਗੱਲ ਚਲਾਤੀ।. ਮੈਨੂੰ ਢੀਂਡਸਾ ਸਾਹਿਬ ਨੇ ਕਿਹਾ ਕਿ ਸ੍ਰ. ਬੇਅੰਤ ਸਿੰਘ ਨੂੰ ਜਾ ਕੇ ਕਹਿ ਆਓ ਕਿ ਉਹ ਪੀ ਓ ਏ ਦੇ ਖੁੱਦ ਪ੍ਰਧਾਨ ਬਣ ਜਾਣ ਮੈਂ ਅਸਤੀਫ਼ਾ ਦੇ ਦਿੰਦਾ ਹਾਂ। ਜਦੋਂ ਸ੍ਰ. ਬੇਅੰਤ ਸਿੰਘ ਨੂੰ ਦੱਸਿਆ ਗਿਆ, ਉਹ ਕਹਿੰਦੇ ਢੀਂਡਸਾ ਸਾਹਿਬ ਵਧੀਆ ਨੇਕ ਸਾਊ ਇਮਾਨਦਾਰ ਤੇ ਨਿਰਪੱਖ ਇਨਸਾਨ ਹਨ, ਉਹਨਾਂ ਨੂੰ ਕਹਿ ਦਿਓ ਕਿ ਉਹ ਹੀ ਪ੍ਰਧਾਨ ਰਹਿਣਗੇ।

ਉਹ ਸਾਰੀਆਂ ਪਾਰਟੀਆਂ,, ਜਥੇਬੰਦੀਆਂ ਤੇ ਸੰਸਥਾਵਾਂ ਵਿੱਚ ਸਤਿਕਾਰ ਯੋਗ ਰਹੇ। ਸਿਆਸਤ ਦੀ ਖੇਡ ਇਖਲਾਕੀ ਤੇ ਸਾਊਪੁੱਣੇ ਅਤੇ ਹਲੀਮੀ ਦੀ ਪਾਰੀ ਨਾਲ ਖੇਡੀ। ਕਦੇ ਕਿਸੇ ਵਿਰੋਧੀ ਧਿਰ ਦੇ ਉਮੀਦਵਾਰ ਜਾ ਨੇਤਾ ਦੀ ਸ਼ਾਨ ਜਾਂ ਨਿੱਜੀ ਕਿਰਦਾਰ ਵਾਰੇ ਕੋਈ ਅਪ ਸ਼ਬਦ ਨਹੀ ਬੋਲਿਆ. ਅੱਜ ਕੱਲ ਅਖਬਾਰਾਂ, ਸੋਸਲ ਮੀਡੀਆ ਵਿੱਚ ਤੇ ਚੁੰਜ ਚਰਚਾ ਚ ਹਰ ਪਾਸਿਓਂ ਸ੍ਰ. ਢੀਂਡਸਾ ਦੀ ਸ਼ਰਾਫ਼ਤ ਅਤੇ ਹਲੀਮੀ ਦੇ ਚਰਚੇ ਹੁੰਦੇ ਰਹੇ। ਕਿੱਧਰੋਂ ਵੀ ਕੋਈ ਵਿਰੋਧੀ ਸੁਰ ਨਹੀ ਸੁਣੀ।

ਸ੍ਰ. ਢੀਂਡਸਾ ਇੱਕ ਸਾਊ ਪੁੱਤ, ਚੰਗਾ ਭਰਾ ਅੱਛਾ ਪਤੀ, ਪਿਤਾ ਅਤੇ ਮਿੱਤਰ ਹੋਣ ਦੇ ਨਾਲ ਕਦਾਵਰ ਹਰਮਨ ਪਿਆਰਾ ਨੇਤਾ ਤੇ ਨਿਮਰ ਇਨਸਾਨ ਸੀ। ਉੱਨ੍ਹਾਂ ਦੇ ਸੁਭਾਅ ਅਤੇ ਕਿਰਦਾਰ ਦੀ ਛਾਪ ਉੱਨ੍ਹਾਂ ਦੇ ਸਪੁੱਤਰ ਸ੍ਰ. ਪਰਮਿੰਦਰ ਸਿੰਘ ਢੀਂਡਸਾ ਦੇ ਕਿਰਦਾਰ ਵਿਚੋਂ ਵੇਖੀ ਜਾ ਸਕਦੀ ਐ। ਢੀਂਡਸਾ ਸਾਹਿਬ ਦੇ ਜਾਣ ਨਾਲ ਟਕਸਾਲੀ ਅਤੇ ਨੈਤਿਕਤਾ ਨਾਲ ਸਿਆਸੀ ਪੀੜ੍ਹੀ ਦਾ ਅੰਤ ਹੋ ਗਿਆ।

ਉਹਨਾਂ ਦੀ ਯਾਦ ਚ ਐਤਵਾਰ 8-6-25 ਨੂੰ ਗੁਰੂਦਵਾਰਾ ਸਾਹਿਬ ਦੇ ਹਾਲ ਵਿੱਚ 11ਵੱਜੇ ਤੋਂ 1ਵੱਜੇ ਤੱਕ ਅੰਤਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਹੋਵੇਗਾ।

## ਡੇਰਾਵਾਦ ਦੇ ਪਫੁਲਤ ਹੋਣ ਚ ਕੀ ਮਨੁੱਖ ਦੀ ਕਮਜ਼ੋਰ ਮਾਨਸਿਕਤਾ ਤੇ ਸਿਆਸੀ ਨੇਤਾ ਜ਼ਿੰਮੇਵਾਰ ?

ਅੱਜ ਦੇ ਵਿਗਿਆਨਕ ਤੇ ਕਮਰਸ਼ੀਅਲ ਯੁੱਗ ਵਿੱਚ ਲੋਕਾਂ ਅੰਦਰ ਅੰਧ ਵਿਸ਼ਵਾਸ ਇਨ੍ਹਾਂ ਵਧੇਰੇ ਪਸਰ ਚੁੱਕਾ ਹੈ ਕਿ ਦੇਸ਼ ਦੀ 70 ਫ਼ੀਸਦ ਤੋਂ ਵਧੇਰੇ ਆਬਾਦੀ ਇਨ੍ਹਾਂ ਬਾਬਿਆਂ ਦੇ ਚੱਕਰਾਂ ਵਿੱਚ ਉਲਝੀ ਬੈਠੀ ਹੈ ।ਇਹੀ ਵਜ ?ਹਾ ਹੈ ਕਿ ਇਨ੍ਹਾਂ ਬਾਬਿਆਂ ਦੀ ਗਿਣਤੀ ਹਰ ਸੂਬੇ ਤੇ ਸ਼ਹਿਰ ਅੰਦਰ ਅਮਰ ਵੇਲ ਵਾਂਗ ਵੱਧਦੀ ਜਾ ਰਹੀ ਹੈ ।ਅੰਧ ਵਿਸ਼ਵਾਸ ਤੇ ਰਾਜਨੀਤਿਕ ਨੇਤਾਵਾਂ ਦੀ ਸਰਪ੍ਰਸਤੀ ਦੀ ਬਦੌਲਤ ਇਹ ਪਾਖੰਡੀ ਤੇ ਢੌਂਗੀ ਬਾਬੇ ਆਪਣਾ ਕਰੋੜਾਂ ਅਰਬਾਂ ਦਾ ਸਾਮਰਾਜ ਸਥਾਪਤ ਕਰੀ ਬੈਠੇ ਹਨ ।ਦੁੱਖਾਂ ਕਲੇਸ਼ਾਂ ਵਿੱਚ ਘਿਰੀ ਜਨਤਾ ਇਨ੍ਹਾਂ ਬਾਬਿਆਂ ਦਾ ਸਹਾਰਾ ਲੈ ਕੇ ਆਪਣੇ ਜੀਵਨ ਨੂੰ ਸੁਖਦਾਈਕ ਤੇ ਅਨੰਦਮਈ ਬਣਾਉਣ ਦੀ ਉਮੀਦ ਚ,ਜੋ ਪੱਲੇ ਹੁੰਦਾ ਹਨ ,ਉਸ ਨੂੰ ਵੀ ਲੁਟਾਆ ਬੈਠਦੀ ਹੈ ਤੇ ਨਾਲ ਹੀ ਆਪਣਾ ਕੀਮਤੀ ਵਕਤ ਅਜਾਂਈਂ ਗਵਾ ਲੈਂਦੀ ਹੈ ।ਇਹ ਪਾਖੰਡੀ ਸਾਧ ਲੋਕਾਂ ਦੀ ਕਮਜ਼ੋਰ ਮਾਨਸਿਕਤਾ ਦਾ ਲਾਭ ਉਠਾ ਕੇ ਆਪਣੇ ਡੇਰਿਆਂ ਨੂੰ ਪ੍ਰਫੁੱਲਤ ਕਰਨ ਵਿੱਚ ਤੇਜ਼ੀ ਨਾਲ ਪੁਲਾਂਘਾਂ ਪੁੱਟ ਰਹੇ ਹਨ ।ਵੇਖਦੇ ਹੀ ਵੇਖਦੇ ਇਨ੍ਹਾਂ ਢੋਂਗੀ ਤੇ ਪਖੰਡੀ ਬਾਬਿਆਂ ਦਾ ਵਿਸ਼ਾਲ ਸਾਮਰਾਜ ਖੜ੍ਹਾ ਹੋ ਜਾਂਦਾ ਹੈ ।ਆਮ ਤੇ ਭੋਲੀ ਭਾਲੀ ਜਨਤਾ ਦਾ ਭਾਵੇਂ ਕੁਝ ਸੌਰੇ ਜਾਂ ਨਾ ,ਪਰ ਇਨ੍ਹਾਂ ਬਾਬਿਆਂ ਦੀ ਜ਼ਿੰਦਗੀ ਐਸ਼ ਪ੍ਰਸਤੀ ਵਾਲੀ ਅਤੇ ਵੀ.ਆਈ.ਪੀ ਵਾਲੀ ਬਣ ਜਾਂਦੀ ਹੈ। ਲਗਜ਼ਰੀ ਗੱਡੀਆਂ ਵਿੱਚ ਘੁੰਮਦੇ ਇਹ ਬਾਬੇ ਤੁਹਾਨੂੰ ਕਿਸੇ ਮੰਤਰੀ ਜਾਂ ਵੀਆਈਪੀ ਦਾ ਭੁਲੇਖਾ ਪਾਉਣਗੇ ।ਵੋਟਾਂ ਦੇ ਚੱਕਰਾਂ ਵਿੱਚ ਮੰਤਰੀਆਂ ਸੰਤਰੀਆਂ ਵੱਲੋਂ ਇਨ੍ਹਾਂ ਪਾਖੰਡੀ ਸਾਧਾਂ ਦੇ ਡੇਰਿਆਂ ਤੇ ਹਾਜ਼ਰੀ ਲੁਆਉਣ ਕਾਰਨ ਭੋਲੇ ਭਾਲੇ ਲੋਕ ਮੱਲੋਮੱਲੀ ਇਹਨਾਂ ਬਾਬਿਆਂ ਦੇ ਜਾਲ ਵਿੱਚ ਫਸ ਜਾਂਦੇ ਹਨ ।ਡੇਢ ਅਰਬ ਦੀ ਆਬਾਦੀ ਨੂੰ ਢੁਕਣ ਵਾਲੇ ਸਾਡੇ ਭਾਰਤ ਦੇਸ਼ ਮਹਾਨ ਵਿੱਚ ਬਾਬਿਆਂ ਦੀ ਗਿਣਤੀ ਲੱਖਾਂ ਦੇ ਅੰਕੜਿਆਂ ਨੂੰ ਛੂਹੰਦੀ ਨਜ਼ਰ ਆਉਂਦੀ ਹੈ ।ਇਨ੍ਹਾਂ ਪਾਖੰਡੀ ਬਾਬਿਆਂ ਦੇ ਵੱਡੇ ਵੱਡੇ ਕਾਰੋਬਾਰ ਅਤੇ ਅਰਬਾਂ ਖਰਬਾਂ ਦੀ ਜਾਇਦਾਦ ਲੋਕਾਂ ਦੀ ਹੱਕ ਹਲਾਲ ਦੀ ਕਮਾਈ ਦੇ ਸਹਾਰੇ ਹੀ ਬਣਦੀ ਹੈ ।

ਇੰਨਾ ਪਾਖੰਡੀ ਬਾਬਿਆਂ ਵੱਲੋਂ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਦੇ ਸਹਾਰੇ ਖੜ੍ਹੇ ਕੀਤੇ ਗਏ ਵਿਸ਼ਾਲ ਸਾਮਰਾਜ ਕਿਸੇ ਤੋਂ ਲੁਕੇ ਛਿਪੇ ਹਨ ? ਇਨ੍ਹਾਂ ਪਾਖੰਡੀ ਸਾਧਾਂ ਨੂੰ ਕੋਈ ਪੁੱਛੇ ਕਿ ਅਰਬਾਂ ਖਰਬਾਂ ਦੀ ਜਾਇਦਾਦ ਤੇ ਲਗਜਰੀ ਕਾਰਾਂ (ਵੱਡੀਆਂ ਗੱਡੀਆਂ) ਵਿੱਚ ਘੁੰਮਣ ਦੀ ਇਨ੍ਹਾਂ ਨੂੰ ਕੀ ਲੋੜ ਪਈ ਹੈ ? ਪਰ ਅਫਸੋਸ ! ਕਿ ਸਾਡੇ ਰਾਜਨੀਤਕ ਲੀਡਰ ਵੋਟ ਬੈਂਕ ਦੇ ਚੱਕਰ ਵਿੱਚ ਇਨ੍ਹਾਂ ਬਾਬਿਆਂ ਦੇ ਡੇਰਿਆਂ ਤੇ ਜਾ ਕੇ ਇਨ੍ਹਾਂ ਨੂੰ ਪ੍ਰਫੁੱਲਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ ।ਭੇਡ ਚਾਲ ਦੀ ਤਰਾਂ ਲੋਕ ਇਨ੍ਹਾਂ ਬਾਬਿਆਂ ਮਗਰ ਲੱਗ ਇਨਾਂ ਪਾਖੰਡੀਆਂ ਨੂੰ ਆਪਣੇ ਦੁੱਖਾਂ ਦਾ ਨਿਪਟਾਰਾ ਕਰਨ ਵਾਲੇ ਸਮਝ ਬੈਠਦੇ ਹਨ ।ਇਹ ਬਾਬੇ ਲੋਕਾਂ ਦੀ ਹੱਕ ਹਲਾਲ ਤੇ ਮਿਹਨਤ ਦੀ ਕਮਾਈ ਲੁੱਟ ਕਿ ਮਹਿੰਗੀਆਂ ਲਗਜਰੀ ਕਾਰਾਂ ,ਗੱਡੀਆਂ ਤੇ ਸਰਕਾਰੀ ਗੰਨਮੈਨ ਲੈ ਕਿ ਸ਼ੋਸ਼ੇਬਾਜੀ ਕਰਨ ਦੇ ਨਾਲ ਨਾਲ ਦੀਵਾਨ ਨੂੰ ਆਲੀਸ਼ਾਨ ਬਣਾ ਕੇ ਐਸ਼ੋ ਇਸ਼ਰਤ ਦੀ ਜਿੰਦਗੀ ਬਤੀਤ ਕਰ ਰਹੇ ਹਨ ।ਇਨਾ ਪਾਖੰਡੀ ਬਾਬਿਆਂ ਦੀ ਸੁੱਰਖਿਆ ਲਈ ਲਾਏ ਸਰਕਾਰੀ ਸੁੱਰਖਿਆ ਗਾਰਡਾਂ ਦੀ ਤਨਖਾਹ ਦਾ ਲੱਖਾਂ ਰੁਪਏ ਦਾ ਬੋਝ ਸਿੱਧਾ ਸਰਕਾਰੀ ਖਜਾਨੇ ਤੇ ਪੈ ਰਿਹਾ ਹੈ। ਜੇ ਮੋਟਾ ਜਿਹਾ ਹਿਸਾਬ ਲਾਇਆ ਜਾਵੇ ਤਾਂ ਇਕ ਪੁਲਿਸ ਸੁੱਰਖਿਆ ਕਰਮਚਾਰੀ ਦੀ ਤਨਖਾਹ ਘੱਟੋ ਘੱਟ 60-70 ਹਜਾਰ ਰੁਪਏ ਮਹੀਨਾ ਹੈ ।ਪੂਰੇ ਪੰਜਾਬ ਚ ਇਨਾ ਬਾਬਿਆਂ ਦੀ ਸੁਰਖਿਆ ਤੇ ਹਜ਼ਾਰਾਂ ਮੁਲਾਜਮ ਲੱਗੇ ਹੋਏ ਹਨ੍,ਜਿਸ ਦਾ ਸਿੱਧਾ ਮਤਲਬ ਹੈ ਕਿ ਇਨਾ ਬਾਬਿਆ ਦੀ ਸੁੱਰਖਿਆ ਉੱਤੇ ਕਰੋੜਾਂ ਰੁਪਏ ਸਰਕਾਰੀ ਖਜਾਨੇ ਚੋਂ ਖਰਚ ਕੀਤੇ ਜਾ ਰਹੇ ਹਨ੍ਜਿਸ ਦਾ ਬੋਝ ਆਮ ਜਨਤਾ ਤੇ ਟੈਕਸਾਂ ਦੇ ਰੂਪ ਚ ਪੈ ਰਿਹਾ ਹੈ ।ਭਲਾ ਕੋਈ ਪੁੱਛਣ ਵਾਲਾ ਹੋਵੇ ਕਿ ਇਨਾ ਬਾਬਿਆਂ ਨੂੰ ਕਿਸ ਤੋ ਖਤਰਾ ਹੈ ? ਇਨਾ ਦੀ ਸੁਰੱਖਿਆ ਲਈ ਕਿਉ ਸਰਕਾਰੀ ਖਜਾਨਾ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ? ਹਾਂ ਜੇ ਇਨਾ ਦੀ ਜਾਨ ਨੂੰ ਏਨਾ ਹੀ ਖਤਰਾ ਜਾਪਦਾ ਹੈ ਤਾਂ ਸੁੱਰਖਿਆ ਕਰਮਚਾਰੀਆਂ ਦੀਆਂ ਤਨਖਾਹ ਦਾ ਸਾਰਾ ਖਰਚਾ ਇਨਾਂ ਬਾਬਿਆਂ ਦੀਆਂ ਨਿਜੀ ਜੇਬਾਂ ਚੋ ਲਿਆ ਜਾਣਾ ਚਾਹੀਦਾ ਹੈ ਤਾਂ ਜੋ ਸਰਕਾਰੀ ਖਜਾਨੇ ਦੀ ਹੋ ਰਹੀ ਲੁੱਟ ਨੂੰ ਰੋਕਿਆ ਜਾ ਸਕੇ੍ਬਹੁਤੇ ਬਾਬੇ ਤਾਂ ਸਿਰਫ ਸੁੱਰਖਿਆ ਲੈਣ ਲਈ ਹੀ ਆਪਣੇ ਆਪ ਨੂੰ ਖਤਰਾ ਦੱਸ ਕਿ ਜਾਂ ਫਿਰ ਆਪਣੇ ਤੇ ਹਮਲੇ ਦਾ ਡਰਾਮਾ ਕਰਕੇ ਸੁਰੱਖਿਆ ਦੀ ਮੰਗ ਕਰ ਲੈਂਦੇ ਹਨ ।ਫਿਰ ਆਪਣੇ ਇਨਾ ਸੁਰੱਖਿਆ ਗਾਰਡਾਂ ਦੀ ਆੜ ਚ ਇਹ ਸਰਕਾਰੇ ਦਰਬਾਰੇ ਰੋਹਬ ਝਾੜਦੇ ਹਨ ਅਤੇ ਅਫਸਰਾਂ ਤੋ ਜਾਇਜ ਨਜਾਇਜ ਕੰਮ ਕਰਵਾਉਦੇ ਹਨ ।ਇਨਾ ਬਾਬਿਆਂ ਵੱਲੋਂ ਬਹੁਤੇ ਥਾਂਈ ਸਰਕਾਰੀ ਤੇ ਗੈਰ ਸਰਕਾਰੀ ਥਾਂਵਾ ਤੇ ਨਜਾਇਜ ਕਬਜੇ ਕੀਤੇ ਹੋਏ ਹਨ੍ ਜਿਥੇ ਨਜਾਇਜ ਉਸਾਰੀਆਂ ਕਰਕੇ ਅਪਣੀ ਕਮਾਈ ਦਾ ਸਾਧਨ ਬਣਾਇਆ ਹੋਇਆ ਹੈ੍ ਪਰ ਪ ?ਸ਼ਾਸ਼ਣ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ੍ ਮੇਰੇ ਆਂਢ ਗੁਆਂਢ ਚ ਵੀ ਇਕ ਦੋ ਅਜਿਹੇ ਸਥਾਨ ਹਨ੍ਜਿਥੇ ਇਨਾ ਪਾਖੰਡੀ ਬਾਬਿਆ ਵੱਲੋਂ ਸਰਕਾਰੀ ਜਮੀਨਾਂ ਤੇ ਨਜਾਇਜ ਕਬਜੇ ਕਰਕੇ ਆਪਣੀਆਂ ਦੁਕਾਨਦਾਰੀਆਂ ਖੋਲੀਆਂ ਹੋਈਆਂ ਹਨ ।ਧਰਮ ਦੇ ਨਾ ਤੇ ਦੁਕਾਨਾਂ ਚਲਾ ਰਹੇ ਇਹ ਢੌਂਗੀ ਬਾਬੇ ਆਪਣੇ ਆਪਣੇ ਡੇਰਿਆਂ ਨੂੰ ਵਧੱਦਾ ਫੁੱਲਦਾ ਕਰਨ ਲਈ ਜਿਥੇ ਸਿਆਸੀ ਲੋਕਾਂ ਦਾ ਸਹਾਰਾ ਲੈਂਦੇ ਹਨ ਉਥੇ ਇਨਾ ਬਾਬਿਆਂ ਨੂੰ ਪ ?ਫੁਲਤ ਕਰਨ ਚ ਮੀਡੀਏ ਦਾ ਵੀ ਕੁਝ ਨਾ ਕੁਝ ਰੋਲ ਜਰੂਰ ਹੈ ।ਕਿਉਕਿ ਇਹ ਬਾਬੇ ਵੱਡੇ ਵੱਡੇ ਇਸ਼ਤਿਹਾਰਾਂ ਰਾਹੀ ਲੋਕਾ ਨੂੰ ਅਪਣੇ ਵਾਲ ਖਿਚਦੇ ਹਨ ਇਹ ਬਾਬੇ ਅਖਬਾਰਾਂ,ਟੀਵੀ ਚੈਨਲਾਂ ਤੇ ਸ਼ੋਸ਼ਲ ਮੀਡੀਆ ਦੇ ਜਰੀਏ ਆਪਣੇ ਆਪ ਨੂੰ ਅਤੇ ਆਪਣੇ ਡੇਰੇ ਦਾ ਪ ?ਚਾਰ ਕਰਨ ਵਾਸਤੇ ਰੱਜ ਕਿ ਇਸ਼ਤਿਹਾਰ ਤੇ ਖਬਰਾਂ ਦਿੰਦੇ ਹਨ ਤਾਂ ਜੋ ਲੋਕਾਂ ਦੀ ਗਿਣਤੀ ਨੂੰ ਵਧਾਇਆ ਜਾ ਸਕੇ ਤੇ ਸਿਆਸੀ ਲੋਕਾਂ ਨੂੰ ਲੱਗੇ ਕਿ ਉਨਾਂ( ਬਾਬੇ )ਮਗਰ ਤਾਂ ਵੋਟ ਬੈਂਕ ਹੀ ਬਹੁਤ ਜਿਆਦਾ ਹੈ ।ਬਹੁਤ ਸਾਰੇ ਬਾਬਿਆਂ ਵੱਲੋਂ ਤਾਂ ਆਪਣੇ ਖੁਦ ਦੇ ਟੀਵੀ ਚੈਨਲ ਚਲਾਏ ਹੋਏ ਹਨ੍ਜਿਥੇ 24ਘੰਟੇ ਉਨਾ ਦਾ ਹੀ ਪ ?ਚਾਰ ਚਲਦਾ ਰਹਿੰਦਾ ਹੈ੍ ਧਰਮ ਦੇ ਇਹ ਠੇਕੇਦਾਰ ਲੋਕਾਂ ਦੀਆਂ ਅੱਖਾਂ ਚ ਘੱਟਾ ਪਾ ਕਿ ਉਨਾਂ ਦੀਆਂ ਧਾਰਮਿਕ ਭਾਂਵਨਾਂਵਾ ਨਾਲ ਖਿਲਵਾੜ ਕਰਦੇ ਹਨ੍ ਮੇਰੇ ਘਰ ਤੋ ਦੋ ਤਿੰਨ ਕਿਲੋਮੀਟਰ ਦੇ ਘੇਰੇ ਚ ਇਨੇ ਸਕੂਲ ਨਹੀ ਜਿਨੀਆਂ ਇੰਨਾ ਬਾਬਿਆਂ ਵੱਲੋਂ ਡੇਰਿਆਂ ਦੇ ਨਾਂ ਤੇ ਦੁਕਾਨਦਾਰੀਆਂ ਚਲਾਈਆਂ ਜਾ ਰਹੀਆਂ ਹਨ। ਜੇਕਰ ਇਨਾ ਪਾਖੰਡੀ ਸਾਧੂ ਸੰਤਾਂ ਵੱਲੋਂ ਢੇਰਿਆਂ ਦੀ ਥਾਂ ਵਿਦਿਅਕ ਸੰਸਥਾਂਵਾ ਸਥਾਪਤ ਕੀਤੀਆਂ ਜਾਂਦੀਆ ਜਾਂ ਖੋਲੀਆਂ ਜਾਂਦੀਆਂ ਤਾਂ ਸ਼ਾਇਦ ਸੂਬੇ ਦੀ ਨੌਜਵਾਨੀ ਨਸ਼ਿਆਂ ਚ ਗਲਤਾਨ ਨਾ ਹੁੰਦੀ੍ ਕਿਉਕਿ ਰਾਜਸੀ ਨੇਤਾਂਵਾਂ ਦੇ ਨਾਲ ਨਾਲ ਧਰਮ ਦੇ ਇਨਾਂ ਠੇਕੇਦਾਰਾਂ ਵੱਲੋਂ ਵੀ ਡੇਰਿਆਂ ਦੀ ਆੜ ਚ ਨਸ਼ਾ ਸਮਗਲਿੰਗ ਅਤੇ ਜਿਸਮ ਫਿਰੋਸ਼ੀ ਦੀਆਂ ਕਨਸੋਆਂ ਆਮ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ੍ਜੋ ਸਾਡੇ ਸਮਾਜ ਨੂੰ ਗੰਧਲਾ ਤਾਂ ਕਰਦੀਆਂ ਹੀ ਹਨ, ਨਾਲ ਹੀ ਕਲੰਕਤ ਵੀ ਕਰਦੀਆਂ ਹਨ੍ਡੇਰਾਵਾਦ ਕਰਕੇ ਕਈ ਵਾਰ ਅਜਿਹੀਆਂ ਫਿਰਕੂ ਘਟਨਾਵਾਂ ਵਾਪਰਦੀਆਂ ਹਨ੍ ਜਿਸ ਨਾਲ ਵੱਡੇ ਪੱਧਰ ਤੇ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ੍ਸੋ ਸੋਚਣ ਦੀ ਲੋੜ ਹੈ ਕਿ ਡੇਰਾਵਾਦ ਅਤੇ ਇਨਾਂ ਡੇਰਿਆਂ ਦੇ ਪੁਜਾਰੀਆਂ ਨੂੰ ਲਗਾਮ ਕਿੱਦਾਂ ਪਾਈ ਜਾਵੇ ?ਸਾਡੇ ਸਿਆਸੀ ਆਗੂਆਂ ਵੱਲੋ ਇਨਾਂ ਬਾਬਿਆ ਦੇ ਡੇਰਿਆ ਤੇ ਜਾ ਕਿ ਸਿਰ ਝੁਕਾਉਣ ਤੇ ਡੇਰਿਆ ਤੇ ਵੱਡੀ ਭੀੜ ਜੁੜਨ ਨਾਲ ਇਨਾ ਬਾਬਿਆ ਅੰਦਰ ਅਜਕਲ ਇਕ ਹੋਰ ਗਲਤ ਫਹਿਮੀ ਹੋ ਗਈ ਹੈ ਉਹ ਇਹ ਕੇ ਇਹ ਪਾਖੰਡੀ ਬਾਬੇ ਰਾਜਨੀਤੀ ਚ ਦਖਲ ਅੰਦਾਜੀ ਕਰਕੇ ਸਿਆਸਤ ਨੂੰ ਵੀ ਪ ?ਭਾਵਤ ਕਰ ਸਕਦੇ ਹਨ। ਰਾਜਨੀਤਿਕ ਲੋਕਾਂ ਨੂੰ ਵੀ ਸੋਚਣ ਦੀ ਲੋੜ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਬਾਬੇ ਸਿੱਧੇ ਰੂਪ ਵਿੱਚ ਰਾਜਨੀਤੀ ਵਿੱਚ ਦਾਖਲ ਹੋ ਕੇ ਖ਼ੁਦ ਚੋਣ ਲੜਿਆ ਕਰਨਗੇ। ਕੁਝ ਰਾਜਾਂ ਚ ਇਹ ਪਾਖੰਡੀ ਚੋਣ ਲੜ ਵੀ ਚੁੱਕੇ ਹਨ ।ਇਹ ਗੱਲ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਇਨ੍ਹਾਂ ਬਾਬਿਆਂ ਵਿੱਚੋਂ ਬਹੁਤ ਸਾਰੇ ਬਾਬੇ ਵੱਖ ਵੱਖ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਹਨ੍ ਕਈ ਤਾਂ ਮਾਨਯੋਗ ਅਦਾਲਤਾਂ ਵੱਲੋਂ ਅਪਰਾਧ ਸਾਬਤ ਹੋਣ ਮਗਰੋਂ ਸਲਾਖਾਂ ਪਿੱਛੇ ਸਜਾ ਵੀ ਭੁਗਤ ਰਹੇ ਹਨ ।ਇੱਕ ਹੋਰ ਵੱਡੀ ਗੱਲ ਇਹ ਵੀ ਵੇਖਣ ਨੂੰ ਮਿਲ ਰਹੀ ਹੈ ਕਿ ਬਹੁਤ ਸਾਰੇ ਪੜ੍ਹੇ ਲਿਖੇ ਲੋਕ ਵੀ ਇਨ੍ਹਾਂ ਬਾਬਿਆਂ ਮਗਰ ਲੱਗੇ ਹੋਏ ਹਨ੍ ਜੋ ਨਿਰੋਏ ਸਮਾਜ ਵਾਸਤੇ ਸ਼ੁਭ ਸੰਕੇਤ ਨਹੀਂ। ਫਿਰ ਜ਼ਿਆਦਾਤਰ ਬਾਬੇ ਬਾਬਿਆਂ ਦੀਆਂ ਕਾਲੀਆਂ ਕਰਤੂਤਾਂ ਅਤੇ ਉਨ੍ਹਾਂ ਦਾ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਹੋਣਾ ਬਾਬਾਵਾਦ ਸਮਾਜ ਤੇ ਸਵਾਲੀਆ ਚਿੰਨ੍ਹ ਲਾਉਂਦਾ ਹੈ ? ਕੁਝ ਜਾਗ੍ਰਿਤ ਲੋਕਾਂ ਵੱਲੋਂ ਅਜਿਹੇ ਢੌਂਗੀ ਬਾਬਿਆਂ ਦੇ ਚਿਹਰਿਆਂ ਤੋਂ ਨਕਾਬ ਲਾਹੁਣ ਲਈ ਕਈ ਵਾਰ ਕੋਸ਼ਿਸ਼ ਕੀਤੀਆਂ ਗਈਆਂ ਹਨ ।ਜਿਨਾਂ ਨੂੰ ਚੰਗਾ ਬੂਰ ਵੀ ਪਿਆ ਹੈ। ਪਰ ਦੂਜੇ ਪਾਸੇ ਇਹ ਵੀ ਜਰੂਰੀ ਹੈ ਕਿ ਲੋਕਾਂ ਨੂੰ ਆਪਣੀ ਮਾਨਸਿਕ ਸੋਚ ਨੂੰ ਬਦਲਣਾ ਪਵੇਗਾ ।ਇਨਾ ਬਾਬਿਆਂ ਦੇ ਮਗਰ ਲੱਗ ਕਿ ਪੈਸਾ ਤੇ ਸਮਾਂ ਖਰਾਬ ਕਰਨ ਦੀ ਬਜਾਏ ਸੀ ? ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਬਾਰੇ ਵਿਚਾਰ ਕਿ ਪਰਮਾਤਮਾ ਇੱਕ ਹੈ, ਸਰਬ ਸ਼ਕਤੀਮਾਨ ਹੈ, ਸਰਬ ਵਿਆਪਕ ਹੈ, ਵਿੱਚ ਦਿ ?ੜ ਵਿਸ਼ਵਾਸ ਕਰਨਾ ਪਵੇਗਾ ਹੈ੍ ਨਹੀਂ ਤਾਂ ਡੇਰਾਵਾਦ ਵੱਧਦਾ ਫੁੱਲਦਾ ਰਹੇਗਾ ਤੇ ਇਹ ਬਾਬੇ ਏਸੇ ਤਰਾਂ ਲੋਕਾਂ ਨੂੰ ਲੁੱਟਦੇ ਰਹਿਣਗੇ। ਲੋਕਾਂ ਨੂੰ ਆਪਣੇ ਨਾਲ ਜੋੜਨ ਦੀ ਵਧੇਰੇ ਲੋੜ ਹੈ ਤਾਂ ਜੋ ਨਿਰੋਏ ਸਮਾਜ ਦੀ ਸਿਰਜਣਾ ਹੋ ਸਕੇ।

**ਅਜੀਤ ਸਿੰਘ ਖੰਨਾ**

## ਗਰਮੀ



ਸਾਡੇ ਪਿੰਡ ਅੱਪਰਭਰੀ ਦੁਆਬ ਨਹਿਰ ਕਿਨਾਰੇ,
ਬੈਠੇ ਮੋਜਾਂ ਮਾਨਦੇ ਗਿੰਦੇ ਨਾਲ ਪਿੰਡ ਦੇ ਮੁੰਡੇ ਸਾਰੇ।।
ਗਰਮੀ ਨੇ ਕਰਾਂ ਤੀ ਧੰਨ ਧੰਨ ਬਾਈ ਜੀ,,
ਨਹਿਰ ਤੇ ਠੰਢੀ ਛਾਂ ਤੇ ਹਵਾ ਦੇ ਲੈਂਦੇ ਆ ਹੁਲਾਰੇ।।
ਕਾਮੀ ਮਜਬੂਰ ਦਾ ਗਰਮੀ ਨਾਲ ਹੋਇਆ ਬੁਰਾ ਹਾਲ,
ਹੱਦੋ ਵੱਧ ਗਰਮੀ ਨੇ ਦਿਖਾ ਤੇ ਸਭ ਨੂੰ ਦਿਨੇ ਤਾਰੇ।।
ਤਾਪਮਾਨ ਗਿਆ ਏ ਹੰਦਾ ਟੱਪ ਕੇ ਗਿੰਦਿਆ,,
ਇਹੋ ਜਿਹੀ ਗਰਮੀ ਵਿਚ ਬੱਚੇ,ਬੁੱਢੇ ਕੀ ਕਰਨ ਵਿਚਾਰੇ।।
ਬੰਬ ਬਰੂਦ ਦੇ ਧਮਾਕੇ,,ਪੁੱਠੇ ਸਿੱਧੇ ਕਰਦਾ ਜ਼ੋ ਪ੍ਰੈਕਟਿਕਲ,,
ਰੱਬ ਦੇ ਬੰਦੇ ਤੇਰੀਆਂ ਗੱਲ ?ਤੀਆਂ ਦੇ ਨਿਕਲੇ ਨਤੀਜੇ ਮਾੜੇ।।

**ਗੁਰਜਿੰਦਰ ਸਿੰਘ ਸਿੱਧੂ**

## ਫੈਟੀ ਲਿਵਰ ਦਾ ਮੁਫ਼ਤ ਵਰਗਾ ਇਲਾਜ

ਫੈਟੀ ਲਿਵਰ ਬਾਰੇ ਪਹਿਲਾਂ ਵੀ ਮੈਂ ਕਈ ਨੁਸਖੇ ਦੱਸੇ ਹਨ , ਜਿਹੜੇ ਸਾਰੇ ਹੀ ਕਾਮਯਾਬ ਹਨ । ਅੱਜ ਵਾਲਾ ਨੁਸਖ਼ਾ ਬਹੁਤ ਹੀ ਆਸਾਨ ਅਤੇ ਮੁਫ਼ਤ ਵਰਗਾ ਹੈ । ਅਗਰ ਤੁਹਾਨੂੰ ਕਬਜ਼ ਰਹਿੰਦੀ ਹੈ , ਪੇਟ ਫੁੱਲਦਾ ਹੈ , ਬਦਹਜ਼ਮੀ ਹੁੰਦੀ ਹੈ , ਖੱਟੇ ਕੌੜੇ ਡਕਾਰ ਆਉਂਦੇ ਨੇ , ਸਿਰ ਭਾਰਾ ਰਹਿੰਦਾ ਹੈ , ਛੋਟੀ ਛੋਟੀ ਗੱਲ ' ਤੇ ਗੁੱਸਾ ਆਉਂਦਾ ਹੈ , ਸੁਸਤੀ ਪੈਂਦੀ ਹੈ , ਕੰਮ ਕਰਨ ਨੂੰ ਮਨ ਨਹੀਂ ਕਰਦਾ ਅਤੇ ਖਿਝੇ ਖਿਝੇ ਰਹਿੰਦੇ ਹੋ ਤਾਂ ਸਮਝੋ ਕਿ ਤੁਹਾਡਾ ਲਿਵਰ ਫੈਟੀ ਹੈ । ਇਹਨਾਂ ਸਾਰੀਆਂ ਅਲਾਮਤਾਂ ਤੋਂ ਛੁਟਕਾਰੇ ਲਈ ਇੱਕ ਬਹੁਤ ਹੀ ਆਸਾਨ ਨੁਸਖ਼ਾ ਹੈ । ਅਮਰਵੇਲ ਤਕਰੀਬਨ ਬਹੁਤਿਆਂ ਨੇ ਵੇਖੀ ਹੋਊ , ਜੋ ਪੀਲੇ ਰੰਗ ਦੀਆਂ ਤਾਰਾਂ ਜਿਹੀਆਂ ਵਾਂਗ ਰੁੱਖਾਂ ਉੱਤੇ ਫੈਲੀ ਹੁੰਦੀ ਹੈ । 100 , 150 ਗ੍ਰਾਮ ਇਹ ਵੇਲ ਲੈ ਆਓ ( ਪੰਸਾਰੀ ਤੋਂ ਸੁੱਕੀ ਲਿਆਉਣੀ ਹੋਵੇ ਤਾਂ 100 ਗ੍ਰਾਮ ਬਹੁਤ ਹੈ ) ਇਹਨੂੰ ਥੋੜ੍ਹਾ ਜਿਹਾ ਪਾਣੀ ਪਾ ਕੇ ਰਗੜੋ ਅਤੇ ਚਟਣੀ ਬਣਾ ਕੇ ਕੱਚ ਦੇ ਹਵਾ ਬੰਦ ਡੱਬੇ ਵਿੱਚ ਪਾ ਕੇ ਫਰਿੱਜ ਵਿੱਚ ਰੱਖ ਲਓ । ਇਸ ਚਟਣੀ ਦਾ ਇੱਕ ਚਮਚ ਸਵੇਰੇ ਖਾਲੀ ਪੇਟ ਅਤੇ ਇੱਕ ਚਮਚ ਸ਼ਾਮ ਨੂੰ ਇੱਕ ਗਿਲਾਸ ਪਾਣੀ ਵਿੱਚ ਘੋਲ ਕੇ ਪੀਓ । ਦੋ ਹਫ਼ਤਿਆਂ ਵਿੱਚ ਤੁਹਾਡਾ ਲਿਵਰ ਬਿਲਕੁਲ ਠੀਕ ਹੋ ਜਾਏਗਾ ।

**ਇੰਦਰਜੀਤ ਕਮਲ**

## ਪੰਜਾਬੀ

ਕਿਵੇਂ ਉੱਜੜ ਕੇ ਵੱਸਣਾ, ਜਾਣਦਾ ਹਾਂ ਮੈਂ,
ਮੈ ਪੰਜਾਬ ਤੋਂ, ਇਹ ਦੱਸਣਾ, ਜਾਣਦਾ ਹਾਂ ਮੈਂ।

ਸ਼ਿਕਾਇਤ ਨਾ ਕਰਾਂ ਛੇੜੇ ਉਹ ਜਖ਼ਮ ਮੇਰੇ,
ਕਿਵੇਂ ਦੁੱਖਾਂ ਚੋਂ ਹੱਸਣਾਂ, ਜਾਣਦਾ ਹਾਂ ਮੈਂ।

ਪਈ ਜਦ ਭੀੜ ਕੋਈ ਦੇਸ਼ ਜਾਂ ਕੌਮ ਤੇ,
ਗੁਰੂ ਦਾ ਸਿੰਘ ਨਾ ਨੱਸਣਾ ਜਾਣਦਾ ਹਾਂ ਮੈਂ।

ਜਦੋਂ ਟੱਪ ਜਾਏ ਹੱਦਾਂ ਕੋਈ ਜ਼ਾਲਿਮ ਤਾਂ,
ਜੜ੍ਹਾਂ ਤੋਂ ਕਿਵੇਂ ਉਹ ਪੁੱਟਣਾ,ਜਾਣਦਾ ਹਾਂ ਮੈਂ।

ਲਹੂ ਨਾ' ਲਿਖਿਆ ਐ ਇਤਿਹਾਸ ਹੈ ਮੇਰਾ,
ਕਿਵੇਂ ਲੱਖਾਂ ਚੋਂ ਜੱਚਣਾ, ਜਾਣਦਾ ਹਾਂ ਮੈਂ।

ਜਦੋਂ ਮਨਦੀਪ ਵੈਰੀ ਅਣਖ਼ ਲਲਕਾਰੇ,
ਉਹਦਾ ਕੰਢਾ ਵੀ ਕੱਢਣਾ, ਜਾਣਦਾ ਹਾਂ ਮੈਂ।



**ਮਨਦੀਪ ਗਿੱਲ ਧੜਾਕ**
**9988111134**

## ਇੱਕ ਜੰਗ ਦੀ ਕਹਾਣੀ

1977 'ਚ ਮੈਂ ਦੁਬਈ ਜਾਣ ਲਈ ਬੰਬੇ ( ਮੁੰਬਈ ) ਗਿਆ ਹੋਇਆ ਸੀ। ਏਜੰਟ ਵਲੋਂ ਰਹਿਣ ਲਈ ਦਿੱਤੀ ਗਈ ਖੋਲੀ (ਇੱਕ ਕਮਰਾ) ਚ ਅਸੀਂ ਸੱਤ - ਅੱਠ ਮੁੰਡੇ ਰਹਿ ਰਹੇ ਸੀ। ਏਜੰਟ ਦੀ ਰਿਹਾਇਸ਼ ਵੀ ਸਾਡੇ ਸਾਹਮਣੇ ਵਾਲੀ ਇਮਾਰਤ ਦੀ ਚੋਥੀ ਮੰਜ਼ਿਲ ਤੇ ਹੀ ਸੀ। ਉਸੇ ਕਮਰੇ ਚ ਅਸੀਂ ਚ ਖਾਣਾਂ ਬਣਾਇਆ ਕਰਦੇ ਸੀ। ਇੱਕ ਰਾਤ ਨੌ ਕੁ ਵਜੇ ਅਸੀਂ ਛੇ ਜਣੇਂ,ਭਾਂਡਿਆਂ ਦੀ ਕਮੀ ਕਾਰਣ, ਸਬਜ਼ੀ ਵਾਲੇ ਪਤੀਲੇ ਦੇ ਦੁਆਲੇ ਬੈਠੇ ਰੋਟੀ ਖਾ ਰਹੇ ਸੀ ਕਿ ਸਾਡੇ ਇੱਕ ਸਾਥੀ ਮਿੰਦਰ , ਸਾਹੋ ਸਾਹੀ ਹੋਇਆ, 'ਲਫੜਾ ਹੋ ਗਿਆ, ਲਫੜਾ ਹੋ ਗਿਆ, ' ਬੋਲਦਾ ਨੱਠ ਕੇ ਕਮਰੇ ਚ ਆ ਵੜਿਆ। ਇਸ ਤੋਂ ਪਹਿਲਾਂ ਕਿ ਅਸੀਂ ਕੁਝ ਸਮਝਦੇ, ਉਸ ਦੇ ਪਿੱਛੇ ਨੱਠੇ ਆਉਦੇ ਤਾਰੇ ਨੇ ਜੁੱਤੀ ਵਗਾਹ ਕੇ ਮਾਰੀ। ਗਨੀਮਤ ਸਮਝੋ ਕਿ ਜੁੱਤੀ ਨਾ ਤਾਂ ਕਿਸੇ ਦੇ ਲੱਗੀ, ਤੇ ਨਾ ਹੀ ਰੋਟੀ ਚ ਡਿੱਗੀ। ਫਟਾ ਫਟ ਰੋਟੀ ਇੱਕ ਪਾਸੇ ਰੱਖਦਿਆਂ ਅਸੀਂ ਦੇਖਿਆ ਕਿ ਦੋਹਾਂ ਦੀ ਸ਼ਰਾਬ ਪੀਤੀ ਹੋਈ ਸੀ।



ਮਿੰਦਰ ਕਮਰੇ ਦੇ ਅੰਦਰ ਤੇ ਤਾਰਾ ਦਰਵਾਜ਼ੇ ਤੋਂ ਬਾਹਰ, ਵਿਚਕਾਰ ਅਸੀਂ।

ਤਾਰੇ ਨੂੰ ਪੁਛਿਆ ਕਿ, ਕੀ ਹੋਇਆ ? ਤਾਂ ਉਹ ਕਹਿੰਦਾ ਕਿ ਇਸ ਨੇ ਮੈਨੂੰ ਕੁੜੀ ਦੀ ਗਾਲ੍ਹ ਕੱਢੀ ਆ। ਮਿੰਦਰ ਕਹੇ ਮੈ ਗਾਲ੍ਹ ਨਹੀਂ ਕੱਢੀ। ਜੇ ਇਹ ਕਹਿ ਰਿਹਾ ਕਿ ਮੈਂ ਗਾਲ੍ਹ ਕੱਢੀ ਹੈ ਤਾਂ ਜਿਹੋ ਜਿਹੀ ਇਸ ਦੀ ਕੁੜੀ ਉਹੋ ਜਿਹੀ ਮੇਰੀ। ਫਿਰ ਵੀ ਮੈਂ ਗਲਤੀ ਮੰਨਦਾਂ। ਮੈਂ ਤਾਰੇ ਨੂੰ ਪੁਛਿਆ ਕਿ ਠੀਕ ਹੈ ? ਸ਼ਰਾਬੀ ਬੰਦਾ, ਕਹੇ ਨਹੀਂ। ਬਾਹਰ ਗਲੀ ਚ ਆ ਕੇ ਮੁਆਫ਼ੀ ਮੰਗੇ। ਮਿੰਦਰ ਸਰੀਰ ਚ ਵੀ ਤਾਰੇ ਤੋਂ ਤਕੜਾ ਸੀ ਤੇ ਉਸ ਨੇ ਸ਼ਰਾਬ ਵੀ ਘੱਟ ਪੀਤੀ ਹੋਈ ਸੀ। ਫਿਰ ਵੀ ਲੜਾਈ ਝਗੜੇ ਤੋਂ ਡਰਦਾ ਉਹ ਬਾਹਰ ਨਾ ਆਵੇ। ਕਿਸੇ ਤਰ੍ਹਾਂ ਕਹਿ ਕਹਾ ਕੇ ਅਸੀਂ ਮਿੰਦਰ ਨੂੰ ਕਮਰੇ ਚ ਬਾਹਰ ਲੈ ਆਏ,ਮਿੰਦਰ ਨੇ ਮੁਆਫ਼ੀ ਮੰਗੀ ਤਾਂ ਤਾਰਾ ਕਹਿਣ ਲੱਗਾ ਨਹੀਂ, ਹੱਥ ਜੋੜ ਕੇ ਮੁਆਫ਼ੀ ਮੰਗੇ, ਨਹੀਂ ਤਾਂ ਮੈਂ ਲੰਘਾਹ ਦੇਣਾ। ( ਮਤਲਬ, ਮਾਰ ਦੇਣਾ।) ਮਿੰਦਰ ਨੇ ਹੱਥ ਜੋੜ ਕੇ ਮੁਆਫ਼ੀ ਮੰਗੀ ਤਾਂ ਤਾਰਾ ਕਹੇ ਨਹੀਂ, ਚੌਂਕ ਚ ਜਾ ਕੇ ਮੁਆਫ਼ੀ ਮੰਗੇ, ਨਹੀਂ ਮੈਂ ਲੰਘਾਹ ਦੇਣਾ, ਰਾਤ ਨਹੀਂ ਟੱਪਣ ਦਿੰਦਾ ਮੈਂ।

ਜਦੋਂ ਤਾਰੇ ਦੀ ਜਿਦ ਅੱਗੇ ਸਾਡਾ ਧੀਰਜ ਵੀ ਜੁਆਬ ਦੇ ਗਿਆ ਤਾਂ ਅਸੀਂ ਮਿੰਦਰ ਨੂੰ ਇਸ਼ਾਰਾ ਕਰ ਕਰ ਦਿੱਤਾ। ਫਿਰ ਮਿੰਦਰ ਨੇ ਸੜਕ ਚ ਸੁੱਟ ਕੇ ਤਾਰੇ ਦੇ ਚੰਗਾ ਗੋਡਾ ਫੇਰਿਆ। ਚੌਥੀ ਮੰਜ਼ਿਲ ਦੀ ਗੈਲਰੀ ਚ ਪਰਿਵਾਰ ਸਮੇਤ ਖੜਾ ਸਾਡਾ ਏਜੰਟ ਸੱਭ ਦੇਖ ਰਿਹਾ ਸੀ। ਪਰ ਉਹ ਬੋਲਿਆ ਕੁਝ ਨਾ।

ਚੰਗੀ ਤਰ੍ਹਾਂ ਕੁੱਟ ਖਾ ਕੇ, ਠੰਡਾ ਜਿਹਾ ਹੋਇਆ ਤਾਰਾ, ਅੰਦਰ ਆ ਕੇ ਸੌਂ ਗਿਆ। ਪਰ ਡਰਦਾ ਹੋਇਆ ਮਿੰਦਰ, ਅਗਲੀ ਇਮਾਰਤ ਚ ਚਲਦੀ ਕਰਿਆਨੇ ਦੀ ਦੁਕਾਨ ਦੇ ਥੱੜੇ ਤੇ ਜਾ ਸੁਤਾ।

ਸਵੇਰੇ ਸਾਢੇ ਸੱਤ ਕੁ ਵਜੇ ਜਦੋਂ ਅਸੀਂ ਚਾਹ ਪੀਣ ਹੋਟਲ ਤੇ ਗਏ ਤਾਂ ਤਾਰਾ ਤੇ ਮਿੰਦਰ ਇਕੱ ਬੈਠੇ ਚਾਹ ਪੀ ਰਹੇ ਸਨ। ( ਦੁੱਧ ਬੂਥ ਤੋਂ ਸਾਨੂੰ ਦੁੱਧ ਨਾ ਮਿਲਣ ਕਾਰਨ ਅਸੀਂ ਚਾਹ ਬਾਹਰ ਪੀਂਦੇ ਸੀ।) ਅਸੀਂ ਹੈਰਾਨ, ਕਿ ਇਹ ਕੀ ਰਿਹਾ ?

ਦੋ ਦਿਨ ਬਾਅਦ ਚ ਪਤਾ ਲੱਗਾ ਕਿ ਉਨ੍ਹਾਂ ਨੇ ਸ਼ਰਾਬ ਪੀਣ ਦੀ ਸ਼ਰਤ ਲਾਈ ਸੀ,ਕਿ ਜਿਸ ਦੇ ਪਹਿਲਾਂ ਹੱਥ ਖੜੇ ਹੋ ਗਏ, ਸ਼ਰਾਬ ਦੇ ਪੈਸੇ ਉਹ ਦੇਵੇ ਗਾ। ਬੰਬੇ ,ਕੋਹਲੀਬਾੜਾ ਇਲਾਕੇ ਚ, ਜਿੱਥੇ ਅਸੀਂ ਰਹਿੰਦੇ ਸੀ, ਦੇਸੀ ਸ਼ਰਾਬ ( ਬਿਉੜਾ) ਸ਼ਰੇਆਮ ਵਿਕਦੀ ਹੁੰਦੀ ਸੀ।

ਤਕਰੀਬਨ ਹਰ ਤੀਸਰੇ ਘਰ ਚ ਸ਼ਰਾਬ ਦਾ ਅੱਡਾ ਹੋਇਆ ਕਰਦਾ ਸੀ। ਪੀਂਦੇ ਪੀਂਦੇ ਜਦੋਂ ਬਿੱਲ 22 ਰੁ ਤੱਕ ਪਹੁੰਚ ਗਿਆ ਤਾਂ ਇਹਨਾਂ ਨੇ ਆਪਸ ਝਗੜਾ ਕਰ ਲਿਆ ਸੀ।( ਉਨ੍ਹਾਂ ਦਿਨਾਂ ਚ ਉੱਥੇ ਦੇਸੀ ਸ਼ਰਾਬ, 'ਬਿਉੜਾ' 4 ਰੁ ਦੀ ਬੋਤਲ ਹੋਇਆ ਕਰਦੀ ਸੀ)

ਸਵੇਰੇ ਸਾਢੇ ਚਾਰ ਕੁ ਵਜੇ, ਜਦੋਂ ਸਾਡਾ ਏਜੰਟ, ਦੁੱਧ ਦੇ ਬੂਥ ਤੋਂ ਦੁੱਧ ਲੈਣ ਹੇਠਾਂ ਉਤਰਿਆ ਤਾਂ ਉਸ ਨੇ ਕਰਿਆਨੇ ਦੀ ਦੁਕਾਨ ਦੇ ਥੱੜੇ ਤੇ ਪਏ ਤਾਰੇ ਨੂੰ ਵਾਪਸ ਪੰਜਾਬ ਚਲੇ ਜਾਣ ਨੂੰ ਕਹਿ ਦਿੱਤਾ ਸੀ। ਮਿੰਦਰ ਉਸੀ ਸਮੇਂ ਉਥੋਂ ਉਠਿਆ, ਸ਼ਰਾਬ ਦੇ ਅੱਡੇ ਤੇ ਜਾ ਕੇ ਪੈਸੇ ਦਿੱਤੇ,ਤਾਰੇ ਨੂੰ ਨਾਲ ਲੈ ਕੇ ਏਜੰਟ ਤੋਂ ਮੁਆਫ਼ੀ ਮੰਗ ਕੇ,ਮੁੜ ਦੋਸਤ ਬਣ ਗਏ ਸਨ। ਹੁਣ ਜਦੋਂ ਵੀ ਕਦੇ ਮੈਂ ਦੋ ਭਰਾਵਾਂ / ਦੋਸਤਾਂ ਨੂੰ ਆਪਸ ਬਹਿਸ ਕਰਦੇ ਜਾਂ ਝਗੜਦੇ ਦੇਖਦਾ ਹਾਂ, ਨਜ਼ਰ ਫ਼ੇਰ ਕੇ ਅੱਗੇ ਲੰਘ ਜਾਂਦਾ ਹਾਂ।

**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

## ਮਤੀਰਾ ਤੇ ਮੁਅੱਜ਼ਜ਼

ਸਬਜੀ ਮੰਡੀ ਚੋਂ ਮਤੀਰਾ ਵੇਚਣ ਆਲੀ ਬੀਬੀ ਨੂੰ ਪੁੱਛਿਆ,"ਪਹਿਲਾਂ ਐਂ ਦਸ ਤੇਰਾ ਨਾਂ ਕੀ ਹੈ ?

ਕਹਿੰਦੀ,"ਪ੍ਰਸਿੰਨੀ।"

ਮੈਂ ਕਿਹਾ," ਪ੍ਰਸਿੰਨੀਏਂ ।ਮਤੀਰਾ ਮਿੱਠਾ ਹੋਊ ?÷

ਕਹਿੰਦੀ,"ਖਾਵੇਗਾ ਤੇ ਮਾਥਾ ਪੀਟਤਾ ਰਹਿ ਜਾਵੇਗਾ।"ਉਹਨੇ ਹਸਦੀ ਨੇ ਕਿਹਾ।

ਮੈਂ ਸੋਚਿਆ ਪ੍ਰਸਿੰਨੀ ਮਖੌਲ ਕਰਦੀ ਹੈ,ਮਤੀਰਾ ਠੀਕ ਹੋਣੈ ।ਪੈਸੇ ਦਿੱਤੇ ਤੇ ਮਤੀਰਾ ਲੈ ਕੇ ਘਰ ਨੂੰ ਚਲਾ ਗਿਆ ।ਦੁਪਹਿਰੀਂ ਜਦੋਂ ਮਤੀਰਾ ਕੱਟਿਆ ਤਾਂ ਮੱਥੇ ਹੱਥ ਮਾਰਿਆ, ਮਤੀਰਾ ਬਕਬਕਾ ਨਿਕਲਿਆ ।ਮੈਨੂੰ ਪ੍ਰਸਿੰਨੀ ਦੀ ਕੀਤੀ ਮਖੌਲ ਚੇਤੇ ਆਈ।

ਅੱਜ ਵੀਰਵਾਰ ਹੈ ।ਵੀਰਵਾਰ ਵੀ ਸੈਕਟਰ 77 ਮੁਹਾਲੀ 'ਚ ਸਬਜੀ ਮੰਡੀ ਲੱਗਦੀ ਹੈ। ਮੈਂ ਹੋਰ ਸਬਜੀਆਂ ਲਈਆਂ ਤੇ ਇਕ ਪੇਂਡੂ ਮਤੀਰੇ ਆਲ਼ੇ ਕੋਲ ਗਿਆ।

ਮੈਂ ਉਹਨੂੰ ਆਖਿਆ,"ਬਈ ਥੋਡੇ ਮਤੀਰਿਆਂ ਦਾ ਵਸਾਹ ਕੋਈ ਨਹੀਂ ।ਕਿਸਮਤ ਦੀ ਖੇਡ ਹੈ ।ਮਤੀਰਾ ਮਿੱਠਾ ਨਿਕਲੇ ਤਾਂ ਵਧੀਆ, ਜੇ ਫਿੱਕੜ ਜਿਹਾ ਨਿਕਲੇ ਤਾਂ ਬੰਦਾ ਮੱਥਾ ਪਿੱਟਦੈ,ਖਾਣ ਦਾ ਸਾਰਾ ਸਵਾਦ ਕਿਰਕਿਰਾ ਹੋ ਜਾਂਦੈ।"

ਉਹ ਅੱਗੋਂ ਪੇਂਡੂ ਬੰਦਾ ਆਹਦਾ,"ਸਰਦਾਰਾ,ਮੇਰਾ ਨਾਉਂ ਬਖਤੌਰੈ ।ਮੈਂ ਪੱਥਰ ਤੇ ਲਕੀਰ ਖਿੱਚ ਕੇ ਗੱਲ ਕਰਦਾਂ ।ਜਿਹੜੇ ਮਰਜ਼ੀ ਮਤੀਰੇ ਤੇ ਉਂਗਲ ਰੱਖ ਦਿਉ,ਲਾਲ ਮਿੱਠਾ ਮਿਸ਼ਰੀ ਅਰਗਾ ਨਿਕਲੂ ।ਰਪੀਏ ਠੋਕ ਕੇ ਲੈਨਾਂ ਵੀਹ ਰੁਪਏ ਕਿੱਲੋ,ਪੰਜੀ ਘੱਟ'ਨੀ ਕਰਦਾ।"

ਮੈਂ ਉਹਦੀ ਜ਼ਿੰਦਾਦਿਲੀ ਭਰੀ ਗੱਲਬਾਤ ਤੋਂ ਪ੍ਰਭਾਵਿਤ ਹੋਇਆ ।ਮੈਂ ਕਿਹਾ-

"ਬਖ਼ਤੌਰਿਆ !ਜੇ ਆਹ ਗੱਲ ਐ ਤਾਂ ਤਿੰਨ ਮਤੀਰੇ ਖੁਦ ਈ ਚੁਣ ਕੇ ਦੇ ਦੇ।"

ਉਹਨੇ ਇਕ ਮਤੀਰਾ ਕੰਡੇ ਤੇ ਰੱਖਿਆ ਤੇ ਫੇਰ ਦੂਜਾ ਤੇ ਤੀਜਾ ਮੈਂ ਉਹਨਾਂ ਤੋਂ ਛੋਟਾ ਆਪ ਚੁੱਕ ਕੇ ਦੇ ਦਿੱਤਾ।



ਅਮਰਜੀਤ ਅਰਪਨ

"ਲਉ ਜੀ ਸਰਦਾਰ ਸਾਬਹ! ਨੌਂ ਕਿੱਲੋ ਹੋ ਗਏ ।ਤੇ ਆਹ ਤੁਸੀਂ ਛੋਟਾ ਮਤੀਰਾ ਮੈਨੂੰ ਦਿੱਤਾ ਸੀ ਨਾ,ਮੈਂ ਏਹੀ ਕੱਟ ਕੇ ਥੋਨੂੰ ਦਿੰਦਾਂ,ਸ਼ਰਤੀਆ ਲਾਲ ਨਿਕਲੂ।"

ਮੈਂ ਕਿਹਾ,"ਬਖ਼ਤੌਰਿਆ !ਤੇਰੇ ਤੇ ਵਿਸ਼ਵਾਸ਼ ਐ ਯਾਰ,ਐਨੀ ਤਸੱਲੀ ਨਾਲ ਤੂੰ ਦੇ ਰਿਹੈਂ।"

"ਨਹੀਂ ਸਰਦਾਰ ਜੀ ਨਹੀਂ, ਇਹ ਮੇਰੇ ਅਕੀਦੇ ਦਾ ਮਸਲੈ।"

ਇਹ ਕਹਿੰਦਿਆਂ ਹੀ ਉਹਨੇ ਮਤੀਰੇ ਤੇ ਚਾਕੂ ਦਾ ਕੱਟ ਮਾਰ ਕੇ ਫਾੜੀ ਲਾਹੀ ਤਾਂ ਲਾਲ ਭਾਅ ਮਾਰਦੀ ਫਾੜੀ ਨਿਕਲਦੀ ਵੇਖ ਕੇ ਬਖ਼ਤੌਰਾ ਜਿੱਤ ਦੇ ਤਸੱਵਰ 'ਚ ਚਮਕਦੀਆਂ ਅੱਖਾਂ ਨਾਲ ਮੈਨੂੰ ਸਿਰ ਝਮਾਉਂਦਿਆ ਪੁੱਛਿਆ-

"ਕਿਉਂ ਸਰਦਾਰ ਜੀ,ਝੂਠ ਤਾਂ ਨਹੀਂ ਮੈਂ ਬੋਲਿਆ ?ਹੱਕ ਦੀ ਕਮਾਈ ਖਾਈਦੀ ਐ,ਗੱਲ 'ਚ ਮੇਰੀ ਰੱਤੀ ਝੂਠ ਨਾ ਹੋਊ,ਇਹ ਜਦੋਂ ਮਰਜ਼ੀ ਪਰਖ ਕੇ ਵੇਖ ਲਿਉ।"

ਮੈਨੂੰ ਐਂ ਲੱਗਿਆ ਕਿ ਆਹ ਕਿਰਤੀ ਬੰਦਾ ਅਨੇਕਾਂ 'ਮੁਅੱਜ਼ਜ਼' ਬੰਦਿਆਂ ਤੋਂ ਕਿਤੇ ਉੱਚਾ ਮੁਅੱਜ਼ਜ਼ ਬੰਦੈ ਜੀਹਦੀ ਜੇਬ 'ਚ ਤਾਂ ਹੱਕ ਹਲਾਲ ਦੀ ਬੇਸ਼ੱਕ ਥੋੜੀ ਪੂੰਜੀ ਹੈ ਪਰ ਰੂਹ ਦਾ ਬਾਦਸ਼ਾਹ ਹੈ ਤੇ ਚਿਹਰੇ ਤੇ ਖੁਸ਼ੀ ਜਿਵੇਂ ਸਤਿਅਮ ਦਾ ਸ਼ਿਵ ਨਾਚ ਕਰ ਰਹੀ ਹੋਵੇ ।ਇਮਾਨਦਾਰੀ ਨਾਲ ਛੋਟੇ ਜਿਹੇ ਧੰਦੇ ਵਿਚੋਂ ਹੀ ਖੁਸ਼ੀਆਂ ਦਾ ਅਨਮੋਲ ਖਜਾਨੇ ਦਾ ਵੱਡਾ ਮਾਲਕ ਮੈਂ ਵੇਖ ਰਿਹਾ ਸੀ ਬਖਤੌਰੇ ਦੇ ਚਿਹਰੇ ਤੋਂ।

ਮੈਨੂੰ ਓਸ ਵੇਲੇ ਬਥੇਰੇ ਐਸੇ ਦਿੱਸੇ ਜਿੰਨ੍ਹਾ ਕੋਲ ਪੈਸੇ ਦਾ ਕੋਈ ਅੰਤ ਨਹੀਂ, ਪਰ ਅਸਲ ਖੁਸ਼ੀਆਂ ਦਾ ਖਜਾਨਾ ਉਹਨਾਂ ਦੇ ਚਿਹਰਿਆਂ ਤੋਂ ਕਿਤੇ ਭਾਲਿਆਂ ਨਹੀਂ ਮਿਲਦਾ ।ਹਾਂ ਸਹੂਲਤਾਂ ਕਰਕੇ 'ਮੁਅੱਜ਼ਜ਼' ਦੀ ਪੈਠ ਤਾਂ ਉਹਨਾਂ ਸਮਾਜ 'ਚ ਬਣਾਈ ਹੋਈ ਹੈ।

# ਮੋਹਾਲੀ ਸਾਇਬਰ ਪੁਲਿਸ ਦੀ ਵੱਡੀ ਕਾਰਵਾਈ

## 'ਹਨੀ-ਟਰੈਪ' ਗੈਂਗ ਦੇ ਤਿੰਨ ਦੋਸ਼ੀ ਕਾਬੂ

**ਮੋਹਾਲੀ / ਅਸ਼ੋਕ ਜੋਸ਼ੀ**

ਸਾਇਬਰ ਠੱਗੀ ਖਿਲਾਫ ਵੱਡੀ ਸਫਲਤਾ ਹਾਸਲ ਕਰਦਿਆਂ ਮੋਹਾਲੀ ਸਾਇਬਰ ਪੁਲਿਸ ਨੇ ਇੱਕ 'ਹਨੀ-ਟ ?ਰੈਪ' ਗੈਂਗ ਦਾ ਪਰਦਾਫਾਸ਼ ਕਰਦਿਆਂ 3 ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਨ੍ਹਾਂ ਨੇ ਇੱਕ ਨੌਜਵਾਨ ਨਾਲ ਦੋਸਤੀ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਦੀ ਠੱਗੀ ਕੀਤੀ।



ਡੀ ਐਸ ਪੀ ਰੁਪਿੰਦਰ ਕੌਰ ਸੋਹੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਿਕਾਇਤਕਰਤਾ ਅਦਿੱਤਿਯ ਨੰਦਨ ਵਾਸੀ ਸੰਨੀ ਇਨਕਲੇਵ ਨੂੰ ਇੱਕ ਅਣਜਾਣ ਨੰਬਰ ਤੋਂ ਕਾਲ ਆਈ। ਉਸ ਤੋਂ ਬਾਅਦ ਇੱਕ ਲੜਕੀ ਦੋਸਤੀ ਦਾ ਨਾਟਕ ਕਰਕੇ ਮਿਲਣ ਆਈ। ਕੁਝ ਸਮੇਂ ਬਾਅਦ ਉਸ ਨੇ ਆਪਣੇ 3 ਸਾਥੀਆਂ ਨੂੰ ਕਮਰੇ ਵਿੱਚ ਬੁਲਾ ਲਿਆ।

ਪੀੜਤ ਨੂੰ ਡਰਾ ਧਮਕਾ ਕੇ ਉਸਦੇ ਬੈਂਕ ਖਾਤੇ ਅਤੇ ਕ੍ਰੈਡਿਟ ਕਾਰਡ ਰਾਹੀਂ 7.66 ਲੱਖ ਰੁਪਏ ਦੀ ਰਕਮ ਹਥਿਆ ਲਈ ਅਤੇ ਪੀੜਤ ਦਾ ਲੈਪਟਾਪ, ਮੋਬਾਈਲ ਅਤੇ ਜਰੂਰੀ ਸਮਾਨ ਵੀ ਚੁੱਕ ਲਿਆ। ਦੋਸ਼ੀਆਂ ਨੇ ਪੀੜਤ ਦੇ ਕ੍ਰੈਡਿਟ ਕਾਰਡ ਰਾਹੀ 3 ਆਈਫੋਨ-16 ਪ੍ਰੋ ਮੈਕਸ ਖਰੀਦ ਲਏ। ਇਹ ਠੱਗੀ ਯੋਜਨਾਬੱਧ ਸਾਜਿਸ਼ ਅਧੀਨ ਕੀਤੀ ਗਈ ਸੀ।

ਉਨ੍ਹਾਂ ਅੱਗੇ ਦੱਸਿਆ ਕਿ ਡੀ ਆਈ ਜੀ ਹਰਚਰਨ ਸਿੰਘ ਭੁੱਲਰ, ਐਸ.ਐਸ.ਪੀ. ਹਰਮਨਦੀਪ ਹਾਂਸ ਦੇ ਦਿਸ਼ਾ ਨਿਰਦੇਸ਼ਾਂ ਤੇ ਮੋਹਾਲੀ ਸਾਇਬਰ ਪੁਲਿਸ ਟੀਮ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ 1 ਲੜਕੀ ਸਮੇਤ 3 ਦੋਸ਼ੀ ਕਾਬੂ ਕਰ ਲਏ ਹਨ। 01 ਦੋਸ਼ੀ ਦੀ ਗ੍ਰਿਫਤਾਰੀ ਬਾਕੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪਛਾਣ, ਪਰਮਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ - ਬਰਨਾਲਾ, ਹਾਲ ਵਾਸੀ ਏ.ਕੇ.ਐਸ. ਸੋਸਾਇਟੀ, ਜ਼ੀਰਕਪੁਰ, ਪੂਜਾ ਤਨੇਜਾ ਪੁੱਤਰੀ ਅਨੀਲ ਤਨੇਜਾ - ਵਾਸੀ ਕਰਨਾਲ, ਹਰਿਆਣਾ ਅਤੇ

ਅਰਸ਼ਦੀਪ ਕੁਮਾਰ ਪੁੱਤਰ ਅਸ਼ੋਕ ਸ਼ਰਮਾ - ਬਰਨਾਲਾ, ਹਾਲ ਵਾਸੀ ਜ਼ੀਰਕਪੁਰ ਵਜੋਂ ਹੋਈ ਹੈ।

ਉਨ੍ਹਾਂ ਪਾਸੋਂ ਹੋਈ ਪੀੜਤ ਦਾ ਲੈਪਟਾਪ, ਮੋਬਾਈਲ ਫੋਨ ਅਤੇ ਜ਼ਰੂਰੀ ਦਸਤਾਵੇਜ਼ ਅਤੇ ਠੱਗੀ ਦੀ ਰਕਮ ਨਾਲ ਖਰੀਦੇ ਆਈਫੋਨ-16 ਪ੍ਰੋ ਮੈਕਸ ਬ੍ਰਾਮਦ ਕੀਤੇ ਗਏ ਹਨ।

ਇਨ੍ਹਾਂ ਗ੍ਰਿਫਤਾਰ ਦੋਸ਼ੀਆਂ ਖਿਲਾਫ਼ ਮੁਕੱਦਮਾ ਨੰਬਰ 29 ਤਹਿਤ ਮਿਤੀ 06/06/2025, ਥਾਣਾ ਸਾਇਬਰ ਕ੍ਰਾਈਮ, ਐਸ.ਏ.ਐਸ. ਨਗਰ ਵਿਖੇ ਧਾਰਾ 308(2), 127(2), 3(5), 351(2) ਬੀ.ਐਨ.ਐਸ. ਅਧੀਨ ਦਰਜ ਕੀਤਾ ਗਿਆ ਹੈ।

ਜ਼ਿਲ੍ਹਾ ਪੁਲਿਸ ਦੇ ਸਾਇਬਰ ਵਿੰਗ ਵੱਲੋਂ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਸੋਸ਼ਲ ਮੀਡੀਆ 'ਤੇ ਮਿਲ ਰਹੀਆਂ ਵਿਸ਼ਵਾਸਯੋਗ ਲੱਗਣ ਵਾਲੀਆਂ ਪੇਸ਼ਕਸ਼ਾਂ ਵੀ ਵੱਡਾ ਝੂਠ ਹੋ ਸਕਦੀਆਂ ਹਨ, \

ਇਸ ਲਈ ਕਿਸੇ ਅਣਜਾਣ ਨਾਲ ਪੇਸ਼ ਆਉਣ ਤੋਂ ਪਹਿਲਾਂ ਸੋਚੋ ਤੇ ਸਾਵਧਾਨ ਰਹੋ। ਕਿਸੇ ਵੀ ਸ਼ੱਕੀ ਕਾਲ ਜਾਂ ਘਟਨਾ ਦੀ ਸੂਚਨਾ ਤੁਰੰਤ ਨਜ਼ਦੀਕੀ ਪੁਲਿਸ ਥਾਣੇ ਜਾਂ ਸਾਇਬਰ ਹੈਲਪਲਾਈਨ ਨੰਬਰ 1930 ਤੇ ਸੂਚਨਾ ਦਿਓ।

# ਪੰਜਾਬ ਸਰਕਾਰ ਨੇ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਰਜਿੰਦਰ ਗੁਪਤਾ ਨੂੰ ਮੁੜ ਦਿੱਤਾ ਆਰਥਿਕ ਨੀਤੀ ਅਤੇ ਯੋਜਨਾ ਬੋਰਡ ਦੇ ਉਪ ਚੇਅਰਮੈਨ ਅਤੇ ਕੈਬਨਿਟ ਮੰਤਰੀ ਦਾ ਅਹੁਦਾ

**ਮੋਹਾਲੀ/ ਅਸ਼ੋਕ ਜੋਸ਼ੀ**

ਪੰਜਾਬ ਸਰਕਾਰ ਨੇ ਇੱਕ ਮਹੱਤਵਪੂਰਨ ਪ੍ਰਸ਼ਾਸਕੀ ਫੈਸਲਾ ਲੈਂਦਿਆਂ ਸ਼ ?ਰੀ ਰਜਿੰਦਰ ਗੁਪਤਾ ਨੂੰ ਆਰਥਿਕ ਨੀਤੀ ਅਤੇ ਯੋਜਨਾ ਬੋਰਡ ਦੇ ਉਪ-ਚੇਅਰਮੈਨ ਅਤੇ ਕੈਬਨਿਟ ਮੰਤਰੀ ਦੇ ਅਹੁਦੇ 'ਤੇ ਮੁੜ ਨਿਯੁਕਤ ਕੀਤਾ ਹੈ। ਇਹ ਕਾਰਜਕਾਲ ਵਾਧਾ 23 ਅਗਸਤ, 2025 ਤੋਂ ਪ੍ਰਭਾਵੀ ਹੋਵੇਗਾ ਅਤੇ 22 ਅਗਸਤ, 2028 ਤੱਕ ਲਾਗੂ ਰਹੇਗਾ। ਇਸ ਸਬੰਧ ਵਿੱਚ ਹੁਕਮ 6 ਜੂਨ, 2025 ਨੂੰ ਜਾਰੀ ਕੀਤੇ ਗਏ ਹਨ। ਮੁੱਖ ਮੰਤਰੀ ਦਫ਼ਤਰ ਤੋਂ ਪ੍ਰਾਪਤ ਨਿਰਦੇਸ਼ਾਂ ਤੋਂ ਬਾਅਦ ਇਹ ਮਹੱਤਵਪੂਰਨ ਘੋਸ਼ਣਾ ਕੀਤੀ ਗਈ ਹੈ, ਜੋ ਪੰਜਾਬ ਦੀਆਂ ਆਰਥਿਕ ਨੀਤੀਆਂ ਅਤੇ ਵਿਕਾਸ ਏਜੰਡੇ ਵਿੱਚ ਨਿਰੰਤਰਤਾ ਨੂੰ ਦਰਸਾਉਂਦੀ ਹੈ। ਗੁਪਤਾ ਦੀ ਪਿਛਲੀ ਨਿਯੁਕਤੀ 23 ਅਗਸਤ, 2022 ਨੂੰ ਹੋਈ ਸੀ, ਅਤੇ ਉਨ੍ਹਾਂ ਦਾ ਕਾਰਜਕਾਲ ਇਸੇ ਸਾਲ 23 ਅਗਸਤ ਨੂੰ ਖਤਮ ਹੋਣਾ ਸੀ, ਪਰ ਸਰਕਾਰ ਨੇ ਉਨ੍ਹਾਂ ਦੇ ਤਜਰਬੇ ਅਤੇ ਯੋਗਦਾਨ ਨੂੰ ਦੇਖਦੇ ਹੋਏ ਉਨ੍ਹਾਂ ਦੇ ਕਾਰਜਕਾਲ ਨੂੰ ਵਧਾਉਣ ਦਾ ਫੈਸਲਾ ਕੀਤਾ ਹੈ। ਇਹ ਕਦਮ ਅਜਿਹੇ ਸਮੇਂ ਵਿੱਚ ਆਇਆ ਹੈ ਜਦੋਂ ਪੰਜਾਬ ਵੱਖ-ਵੱਖ ਆਰਥਿਕ ਚੁਣੌਤੀਆਂ ਅਤੇ ਮੌਕਿਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਅਜਿਹੇ ਵਿੱਚ ਇੱਕ ਤਜਰਬੇਕਾਰ ਵਿਅਕਤੀ ਦੀ ਅਗਵਾਈ ਰਾਜ ਲਈ ਮਹੱਤਵਪੂਰਨ ਸਾਬਤ ਹੋ ਸਕਦੀ ਹੈ। ਸਰਕਾਰ ਦੇ ਇਸ ਫੈਸਲੇ ਨੂੰ ਰਾਜ ਦੀ ਆਰਥਿਕ ਸਥਿਰਤਾ ਅਤੇ ਵਿਕਾਸ ਨੂੰ ਉਤਸਾਹਿਤ ਕਰਨ ਦੇ ਯਤਨਾਂ ਵਜੋਂ ਵੇਖਿਆ ਜਾ ਰਿਹਾ ਹੈ। ਰਜਿੰਦਰ ਗੁਪਤਾ ਪੰਜਾਬ ਦੀ ਰਾਜਨੀਤੀ ਅਤੇ ਵਪਾਰਕ ਜਗਤ ਵਿੱਚ ਇੱਕ ਜਾਣਿਆ-ਪਹਚਾਣਿਆ ਨਾਂ ਹੈ । ਟ ?ਰਾਈਡੈਂਟ ਗਰੁੱਪ ਦੇ ਚੇਅਰਮੈਨ ਵਜੋਂ ਉਨ੍ਹਾਂ ਦੀ ਪਛਾਣ ਨੇ ਉਨ੍ਹਾਂ ਨੂੰ ਆਰਥਿਕ ਮਾਮਲਿਆਂ ਵਿੱਚ ਇੱਕ ਮਾਹਰ ਵਜੋਂ ਸਥਾਪਤ ਕੀਤਾ ਹੈ। ਪੰਜਾਬ ਦੀਆਂ ਆਰਥਿਕ ਨੀਤੀਆਂ ਦੇ ਨਿਰਧਾਰਨ ਅਤੇ ਉਨ੍ਹਾਂ ਦੇ ਸਫਲ ਲਾਗੂ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਮਹੱਤਵਪੂਰਨ ਰਹੀ ਹੈ। ਅਧਿਸੂਚਨਾ ਅਨੁਸਾਰ, ਇਹ ਵਿਸਥਾਰ ਉਨ੍ਹਾਂ ਹੀ ਨਿਯਮਾਂ ਅਤੇ ਸ਼ਰਤਾਂ 'ਤੇ ਅਧਾਰਤ ਹੋਵੇਗਾ ਜੋ ਉਨ੍ਹਾਂ ਦੀ ਪਿਛਲੀ ਨਿਯੁਕਤੀ ਸਮੇਂ 23 ਅਗਸਤ, 2022 ਨੂੰ ਤੈਅ ਕੀਤੀਆਂ ਗਈਆਂ ਸਨ। ਇਹ ਨਿਯੁਕਤੀ ਰਾਜ ਸਰਕਾਰ ਦੇ ਆਰਥਿਕ ਸੁਧਾਰਾਂ ਅਤੇ ਵਿਕਾਸ-ਮੁਖੀ ਨੀਤੀਆਂ ਨੂੰ ਗਤੀ ਦੇਣ ਵਿੱਚ ਸਹਾਇਕ ਹੋਵੇਗੀ। ਰਜਿੰਦਰ ਗੁਪਤਾ ਦੀ ਅਗਵਾਈ ਵਿੱਚ ਆਰਥਿਕ ਨੀਤੀ ਅਤੇ ਯੋਜਨਾ ਬੋਰਡ ਨੇ ਰਾਜ ਦੇ ਕੁੱਲ ਘਰੇਲੂ ਉਤਪਾਦ (ਜੀ.ਐੱਸ.ਡੀ.ਪੀ.) ਨੂੰ ਵਧਾਉਣ, ਨਿਵੇਸ਼ ਆਕਰਸ਼ਿਤ ਕਰਨ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਦੇ ਤਜਰਬੇ ਅਤੇ ਮੁਹਾਰਤ ਤੋਂ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਪੰਜਾਬ ਆਰਥਿਕ ਮੋਰਚੇ 'ਤੇ ਨਵੀਆਂ ਉਚਾਈਆਂ ਨੂੰ ਛੂਹ ਸਕੇਗਾ। ਇਹ ਫੈਸਲਾ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਰਾਜ ਦੇ ਆਰਥਿਕ ਭਵਿੱਖ ਨੂੰ ਲੈ ਕੇ ਗੰਭੀਰ ਹੈ ਅਤੇ ਅਜਿਹੇ ਵਿਅਕਤੀਆਂ 'ਤੇ ਭਰੋਸਾ ਕਰ ਰਹੀ ਹੈ ਜਿਨ੍ਹਾਂ ਕੋਲ ਨੀਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦਾ ਤਜਰਬਾ ਹੈ। ਰਜਿੰਦਰ ਗੁਪਤਾ ਦਾ ਕਾਰਜਕਾਲ ਵਾਧਾ ਨਿਸ਼ਚਤ ਤੌਰ 'ਤੇ ਪੰਜਾਬ ਦੇ ਆਰਥਿਕ ਦ੍ਰਿਸ਼ 'ਤੇ ਸਕਾਰਾਤਮਕ ਪ੍ਰਭਾਵ ਪਾਵੇਗਾ ਅਤੇ ਰਾਜ ਨੂੰ ਆਤਮ-ਨਿਰਭਰਤਾ ਅਤੇ ਖੁਸ਼ਹਾਲੀ ਵੱਲ ਲਿਜਾਣ ਵਿੱਚ ਮਦਦ ਕਰੇਗਾ।



# ਸੰਤ ਕਬੀਰ ਕਾਲਜ, ਜ਼ੀਰਾ ਵਿੱਚ ਨਰਸਿੰਗ ਕੋਰਸ ਦੀਆਂ ਸੀਟਾਂ 'ਚ ਵਾਧਾ : ਡਾ ਸੁਖਦੇਵ ਸਿੰਘ



**ਜ਼ੀਰਾ / ਅੰਗਰੇਜ਼ ਬਰਾੜ**

ਇਲਾਕੇ ਦੇ ਨੌਜਵਾਨਾਂ ਲਈ ਵੱਡੀ ਖੁਸ਼ਖਬਰੀ ਹੈ ਕਿ ਸੰਤ ਕਬੀਰ ਕਾਲਜ ਜ਼ੀਰਾ ਨੇ 2025-26 ਸੈਸ਼ਨ ਤੋਂ ਨਰਸਿੰਗ ਕੋਰਸ ਦੀਆਂ ਸੀਟਾਂ ਵਿੱਚ ਯੂਨੀਵਰਸਿਟੀ ਵੱਲੋਂ ਵਾਧਾ ਕਰਵਾ ਲਿਆ ਹੈ।

ਇਹ ਮਹੱਤਵਪੂਰਨ ਜਾਣਕਾਰੀ ਕਾਲਜ ਦੇ ਚੇਅਰਮੈਨ ਸਰਦਾਰ ਗੁਰਚਰਨ ਸਿੰਘ ਅਤੇ ਮੈਨੇਜਿੰਗ ਡਾਇਰੈਕਟਰ ਡਾ ਸੁਖਦੇਵ ਸਿੰਘ ਵੱਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਲਾਕੇ ਦੇ ਨੌਜਵਾਨਾਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਨਰਸਿੰਗ ਕੋਰਸ ਦੀ ਮੰਗ ਕੀਤੀ ਜਾ ਰਹੀ ਸੀ, ਜਿਸਨੂੰ ਧਿਆਨ ਵਿੱਚ ਰੱਖਦਿਆਂ ਹੁਣ ਜ਼ਿਆਦਾ ਵਿਦਿਆਰਥੀਆਂ ਨੂੰ ਦਾਖਲਾ ਮਿਲ ਸਕੇਗਾ ਅਤੇ ਨੌਜਵਾਨ ਹੁਨਰਮੰਦ ਕਾਮੇ ਬਣ ਕੇ ਆਪਣਾ ਭਵਿੱਖ ਸੁਨਹਿਰੀ ਬਣਾ ਸਕਦੇ ਹਨ। ਕਾਲਜ ਦੇ ਪ੍ਰਿੰਸੀਪਲ ਮੈਡਮ ਡਾ ਵੀਰਪਾਲ ਨੇ ਵਿਸ਼ਵਾਸ ਦਿਵਾਇਆ ਕਿ ਨਵੇਂ ਵਿਦਿਆਰਥੀਆਂ ਲਈ ਸਾਰੇ ਅਧੁਨਿਕ ਸੁਵਿਧਾ-ਸੰਪੰਨ ਲੈਬਜ਼, ਤਜਰਬੇਕਾਰ ਅਧਿਆਪਕ ਅਤੇ ਪ੍ਰੈਕਟਿਕਲ ਟ ?ਰੇਨਿੰਗ ਦੀ ਵਿਵਸਥਾ ਯਕੀਨੀ ਬਣਾਈ ਜਾਵੇਗੀ।

ਇਹ ਕੋਰਸ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ 100% ਸਕਾਲਰਸ਼ਿਪ ਤੇ ਕਰਵਾਇਆ ਜਾਵੇਗਾ ਅਤੇ ਜਨਰਲ ਅਤੇ ਬੀਸੀ ਵਰਗ ਦੇ ਵਿਦਿਆਰਥੀ ਅਸੀਸ ਸਕਾਲਰਸ਼ਿਪ ਦੇ ਤਹਿਤ 50% ਤੱਕ ਦੀ ਸਕਾਲਰਸ਼ਿਪ ਪ੍ਰਪਤ ਕਰ ਸਕਦੇ ਹਨ!

# ਪ੍ਰਸਿੱਧ ਆਰਤੀ "ਜੈ ਸ਼੍ਰੀ ਚੱਕਰਧਰ ਜੀ"ਰਿਲੀਜ਼

## ਧਰਮ ਦੇ ਪ੍ਰਚਾਰ ਵਿੱਚ ਮੌਜੂਦਾ ਨੌਜਵਾਨ ਸੰਤਾਂ ਦਾ ਸਹਿਯੋਗ ਸ਼ਲਾਘਾਯੋਗ: ਅੰਜਨਾ ਲੂਥਰਾ

**ਅੰਮ੍ਰਿਤਸਰ**

ਭਜਨ ਅਤੇ ਆਰਤੀਆਂ ਨੂੰ ਭਗਤੀ ਦਾ ਸਾਧਨ ਮੰਨਿਆ ਜਾਂਦਾ ਹੈ। ਇਨ੍ਹਾਂ ਰਾਹੀਂ ਮਨੁੱਖੀ ਮਨ ਪਰਮਾਤਮਾ ਦੀ ਭਗਤੀ ਵਿੱਚ ਸਥਿਰ ਹੋ ਜਾਂਦਾ ਹੈ। ਜੈ ਕ੍ਰਿਸ਼ਨਾਈ ਸੰਪਰਦਾ ਪੰਜ ਅਵਤਾਰਾਂ ਦੀ ਪੂਜਾ ਕਰਦੀ ਹੈ, ਜਿਨ੍ਹਾਂ ਵਿੱਚੋਂ ਇੱਕ ਸ਼੍ਰੀ ਚੱਕਰਧਰ ਸਵਾਮੀ ਜੀ ਦਾ ਹੈ। ਚੌਕ ਪਾਸੀਆਂ ਵਿਖੇ ਸਥਿਤ ਅਧਿਆਤਮ ਕੇਂਦਰ ਮੰਦਰ ਸ਼੍ਰੀ ਜੈ ਕ੍ਰਿਸ਼ਨੀਆ ਵਿਖੇ ਮੰਦਰ ਦੇ ਮੁੱਖੀ ਸੰਤ ਦਰਸ਼ਨਚਾਰੀਆ ਸਾਗਰ ਮੁਨੀ ਸ਼ਾਸਤਰੀ ਜੀ ਦੁਆਰਾ ਗਾਈ ਗਈ ਆਰਤੀ "ਜੈ ਸ਼੍ਰੀ



ਚੱਕਰਧਰ ਜੀ"ਸਮਾਜ ਸੇਵਕ ਅੰਜਨਾ ਲੂਥਰਾ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਸੀ। ਮੰਦਰ ਦੇ ਸਾਰੇ ਭਗਤਾਂ ਨੇ ਪ੍ਰਕਾਸ਼ਨ ਸਮਾਰੋਹ 'ਤੇ ਸ਼ਾਸਤਰੀ ਜੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਮੌਜੂਦ ਸਾਰੇ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਸ਼ਾਸਤਰੀ ਜੀ ਨੇ ਕਿਹਾ ਕਿ ਹਿੰਦੂ ਭਗਤੀ ਮਾਰਗ ਵਿੱਚ ਭਜਨ ਅਤੇ ਆਰਤੀਆਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਆਰਤੀਆਂ ਗਾਉਣ ਅਤੇ ਸੁਣਨ ਨਾਲ ਮਨੁੱਖੀ ਮਨ ਪਰਮਾਤਮਾ ਦੀ ਭਗਤੀ ਵਿੱਚ ਲੀਨ ਹੋ ਜਾਂਦਾ ਹੈ। ਪ੍ਰਾਚੀਨ ਸਾਹਿਤ ਵਿੱਚ, ਅਸੀਂ ਦੇਖਦੇ ਹਾਂ ਕਿ ਸਾਡੇ ਸੰਤਾਂ ਨੇ ਪਰਮਾਤਮਾ ਦੀ ਉਸਤਤ ਅਤੇ ਪ੍ਰਾਰਥਨਾ ਦੇ ਰੂਪ ਵਿੱਚ ਬਹੁਤ ਸਾਰੇ ਭਜਨ, ਆਰਤੀਆਂ ਅਤੇ ਕਵਿਤਾਵਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਨੇ ਹਿੰਦੂ ਪਰੰਪਰਾ ਅਤੇ ਮਨੁੱਖੀ ਜੀਵਨ ਨੂੰ ਅਮੀਰ ਬਣਾਇਆ ਹੈ। ਪ੍ਰਕਾਸ਼ਨ ਸਮਾਰੋਹ ਵਿੱਚ, ਪਰੰਪਰਾਗਤ ਵਿਦਾ ਪ੍ਰਾਚੀਨ ਮੰਦਰ ਦੇ ਵਿਸ਼ੇਸ਼ ਸ਼੍ਰੀ ਚੱਕਰਧਰ ਮਹਾਰਾਜ ਜੀ ਨੂੰ ਸਮਰਪਿਤ ਕੀਤੀ ਗਈ। ਇਸ ਪ੍ਰੋਗਰਾਮ ਵਿੱਚ, ਮੰਦਰ ਦੇ ਮੁੱਖ ਕਰਮਚਾਰੀ, ਸਮਾਜ ਸੇਵਕ ਅੰਜਨਾ ਲੂਥਰਾ, ਗੌਤਮ ਸਰੀਨ, ਅਮਿਤ ਸ਼ਿੰਗਾਰੀ, ਪੂਜਾ ਸ਼ਿੰਗਾਰੀ, ਟੀ. ਰਾਣੀ ਬਾਈ ਮਹਾਨੁਭਵ, ਕਮਲੀਸਾ ਬਾਈ, ਸ਼ੁਭ ਸਰੀਨ ਅਤੇ ਹੋਰ ਸ਼ਰਧਾਲੂ ਅਤੇ ਸੰਤ ਮੌਜੂਦ ਸਨ।

# ਪਿੰਡ ਹਰੀਪੁਰ ਹਿੰਦੂਆਂ ਦੀ ਪੰਚਾਇਤ ਨੇ ਵਿਸ਼ਵ ਵਾਤਾਵਰਨ ਦਿਵਸ ਮੌਕੇ ਲਗਾਏ ਬੂਟੇ

**ਡੇਰਾਬੱਸੀ/ ਅਸ਼ੋਕ ਜੋਸ਼ੀ**

ਬਲਾਕ ਡੇਰਾਬੱਸੀ ਅਧੀਨ ਪੈਂਦੇ ਪਿੰਡ ਹਰੀਪੁਰ ਹਿੰਦੂਆਂ ਦੀ ਪੰਚਾਇਤ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਮੌਕੇ ਪਿੰਡ ਵਿੱਚ ਬੂਟੇ ਲਗਾਏ ਗਏ ਜੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਹ ਕਦਮ ਵਾਤਾਵਰਨ ਦੀ ਸੰਭਾਲ ਲਈ ਬਹੁਤ ਮਹੱਤਵਪੂਰਨ ਹੈ।

ਪੰਚਾਂ ਨੇ ਇਸ ਮੌਕੇ ਕਿਹਾ ਕਿ ਹਰ ਪਿੰਡ ਦੀ ਪੰਚਾਇਤ ਨੂੰ ਅਜਿਹੇ ਪ੍ਰੋਜੈਕਟਾਂ ਲਗਾਉਣੇ ਚਾਹੀਦੇ ਹਨ ਕਿਉਂਕਿ ਬੂਟੇ ਜਿੱਥੇ ਹਵਾ ਨੂੰ ਸਾਫ਼ ਕਰਦੇ ਹਨ ਉੱਥੇ ਆਕਸੀਜਨ ਪੈਦਾ ਕਰਦੇ ਹਨ ਅਤੇ ਕਾਰਬਨ ਡਾਈਆਕਸਾਈਡ ਨੂੰ ਘਟਾਉਂਦੇ ਹਨ, ਜਿਸ ਨਾਲ ਪਿੰਡ ਦਾ ਵਾਤਾਵਰਨ ਸਿਹਤਮੰਦ ਬਣਦਾ ਹੈ। ਇਸ ਤੋਂ ਇਲਾਵਾ ਵੱਡੇ ਹੋ ਕੇ ਬੂਟੇ ਛਾਂ ਪ੍ਰਦਾਨ ਕਰਦੇ ਹਨ, ਜੋ ਗਰਮੀਆਂ ਵਿੱਚ ਬਹੁਤ ਲਾਹੇਵੰਦ ਹੁੰਦੀ ਹੈ। ਨਾਲ ਹੀ, ਇਹ ਪਿੰਡ ਦੀ ਸੁੰਦਰਤਾ ਨੂੰ ਵੀ ਵਧਾਉਂਦੇ ਹਨ। ਬੂਟਿਆਂ ਦੀਆਂ ਜੜ੍ਹਾਂ ਮਿੱਟੀ ਦੇ ਕਟਾਅ ਨੂੰ ਰੋਕਦੀਆਂ ਹਨ, ਖਾਸ ਕਰਕੇ ਬਰਸਾਤ ਦੇ ਮੌਸਮ ਵਿੱਚ। ਬੂਟੇ ਪੰਛੀਆਂ ਅਤੇ ਹੋਰ ਛੋਟੇ ਜੀਵ-ਜੰਤੂਆਂ ਲਈ ਨਿਵਾਸ ਸਥਾਨ ਪ੍ਰਦਾਨ ਕਰਦੇ ਹਨ, ਜਿਸ ਨਾਲ ਜੈਵ ਵਿਭਿੰਨਤਾ ਵਧਦੀ ਹੈ। ਅਜਿਹੇ ਪ੍ਰੋਜੈਕਟਾਂ ਵਿੱਚ ਪਿੰਡ ਦੇ ਲੋਕਾਂ ਨੂੰ ਸ਼ਾਮਲ ਕਰਨ ਨਾਲ ਉਨ੍ਹਾਂ ਵਿੱਚ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਹੁੰਦੀ ਹੈ।

ਇਸ ਮੌਕੇ ਪਿੰਡ ਦੀ ਸਰਪੰਚ ਮਮਤਾ ਰਾਣੀ ਨੇ ਦੱਸਿਆ ਕਿ ਪੰਚਾਇਤ ਵੱਲੋਂ ਇਹ ਬੂਟੇ ਪਿੰਡ ਦੀਆਂ ਸਾਂਝੀਆਂ ਥਾਵਾਂ ਜਿਵੇਂ ਕਿ ਸਕੂਲਾਂ, ਪਾਰਕਾਂ, ਸੜਕਾਂ ਦੇ ਕਿਨਾਰਿਆਂ, ਸ਼ਮਸ਼ਾਨਘਾਟਾਂ ਜਾਂ ਜਨਤਕ ਥਾਵਾਂ 'ਤੇ ਲਗਾਏ ਗਏ ਹਨ । ਲੋਕਾਂ ਨੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਚੰਗਾ ਕਦਮ ਹੈ ਅਤੇ ਇਸ ਨਾਲ ਪਿੰਡ ਦੇ ਵਾਤਾਵਰਨ ਅਤੇ ਸਿਹਤ 'ਤੇ ਸਕਾਰਾਤਮਕ ਪ੍ਰਭਾਵ ਪਵੇਗਾ। ਸਰਪੰਚ ਨੇ ਦੱਸਿਆ ਕਿ ਪਿੰਡ ਦੀ ਪੰਚਾਇਤ ਵੱਲੋਂ ਹਰ ਸਾਲ ਲਗਭਗ 500 ਬੂਟੇ ਲਾਉਣ ਦਾ ਸੰਕਲਪ ਲਿਆ ਗਿਆ ਹੈ ਜਿਸ ਵਿੱਚ ਉਨ੍ਹਾਂ ਪਿੰਡ ਵਾਸੀਆਂ ਨੂੰ ਸਹਿਯੋਗ ਦੇਣ ਲਈ ਅਪੀਲ ਕੀਤੀ।

ਉਨ੍ਹਾਂ ਪਿੰਡ ਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਵੀ ਅਪਣੇ ਆਪਣੇ ਖ਼ੇਤਾਂ ਜਾਂ ਜਿਨ੍ਹਾਂ ਦੇ ਘਰਾਂ ਵਿੱਚ ਬੂਟੇ ਲਗਾਉਣ ਲਈ ਥਾਂ ਹੈ ਉਹ ਸੱਜਣ ਆਪਣੇ ਘਰਾਂ ਵਿੱਚ ਘਟੋ-ਘੱਟ ਇੱਕ ਬੂਟਾ ਜ਼ਰੂਰ ਲਗਾਉਣ। ਇਸ ਤੋਂ ਇਲਾਵਾ ਪੰਚਾਇਤ ਵਲੋਂ ਕੁਦਰਤ ਨੂੰ ਬਚਾਉਣ ਅਤੇ ਪ੍ਰਦੂਸ਼ਣ ਨੂੰ ਘਟਾਉਣਾ ਲਈ ਇੱਕ ਹੋਰ ਹੁਕਮ ਜਾਰੀ ਕੀਤਾ ਹੈ ਕਿ ਸਮੂਹ ਪਿੰਡ ਵਾਸੀ ਆਪਣੇ



ਘਰਾਂ ਦੀ ਪਲਾਸਟਿਕ ਵਸਤੂਆਂ ਨੂੰ ਕਿਸੇ ਕੂੜੇਦਾਨ ਵਿੱਚ ਸੁੱਟਣ ਜਾਂ ਇਸ ਤਰ੍ਹਾਂ ਦੇ ਕੂੜੇ ਦਾ ਚੰਗੀ ਤਰਾਂ ਨਿਪਟਾਰਾ ਕਰਨ ਤਾਂਕਿ ਪਿੰਡ ਨੂੰ ਸਾਥ ਸੂਥਰਾ ਰੱਖਿਆ ਜਾ ਸਕੇ। ਇਸ ਮੌਕੇ ਕੁਲਵੰਤ ਸਿੰਘ, ਸ਼ਲਿੰਦਰ ਸਿੰਘ, ਰਾਜ ਕੁਮਾਰ, ਰਜਨੀਸ਼ ਕੁਮਾਰ, ਸ਼ੀਲਾ ਦੇਵੀ, ਸੁਬਰੀ ਦੇਵੀ, ਤਰਸੇਮ ਸਿੰਘ ਸਮੇਤ ਅਨੇਕਾਂ ਪਿੰਡ ਵਾਸੀ ਮੌਜੂਦ ਸਨ।

# ਚੈਨਲ ਸੁਪਨ ਉਡਾਰੀ ਵੱਲੋਂ ਹਸਤਾਖਰ ਲੇਖਕ ਸੀ. ਮਾਰਕੰਡਾ ਦਾ ਰੁਬਰੂ ਪ੍ਰੋਗਰਾਮ ਕੱਲ ਐਤਵਾਰ ਨੂੰ ਬਠਿੰਡਾ ਵਿਖੇ

## ਉਨ੍ਹਾਂ ਦੀਆਂ ਰਚਨਾਵਾਂ ਦਾ ਗਾਇਨ ਕਰਨਗੇ ਹਰੀ ਕਿਸ਼ਨ ਸ਼ਰਮਾ

**ਬਠਿੰਡਾ /ਸੱਤਪਾਲ ਮਾਨ**

ਚੈਨਲ ਸੁਪਨ ਉਡਾਰੀ ਪਿਛਲੇ ਲੰਮੇ ਸਮੇਂ ਤੋਂ ਆਪਣੇ ਇਲਾਕੇ ਵਿੱਚ ਹੋਣ ਵਾਲੀਆਂ ਸਾਹਿਤਕ ਤੇ ਸਭਿਆਚਾਰਕ ਗਤੀਵਿਧੀਆਂ ਨੂੰ ਹਮੇਸ਼ਾ ਸਾਹਿਤ ਪ੍ਰੇਮੀਆਂ ਦੇ ਸਨਮੁੱਖ ਕਰਦਾ ਆ ਰਿਹਾ ਹੈ। ਇਸ ਵਾਰ ਚੈਨਲ 8 ਜੂਨ ਦਿਨ ਐਤਵਾਰ ਨੂੰ ਸਵੇਰੇ ਠੀਕ 10 ਵਜੇ ਸਥਾਨਕ ਘੋੜੇ ਵਾਲਾ ਚੌਂਕ ਨਜ਼ਦੀਕ ਐਲ. ਡੀ. ਕੈਮਿਸਟਰੀ ਕਲਾਸਿਸ ਵਿਖੇ ਪੰਜਾਬੀ ਦੇ ਨਾਮਵਰ ਲਿਖਾਰੀ ਸ਼ ?ਰੀ ਸੀ. ਮਾਰਕੰਡਾ ਦਾ ਰੁਬਰੂ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਸ ਰੁਬਰੂ ਪ੍ਰੋਗਰਾਮ ਤਹਿਤ ਹਾਜਰੀਨ ਵੱਲੋਂ ਕੀਤੇ ਜਾਣ ਵਾਲੇ ਸਵਾਲਾਂ ਦਾ ਲੇਖਕ ਸੀ. ਮਾਰਕੰਡਾ



ਵਿਸਥਾਰਪੂਰਵਕ ਜਵਾਬ ਦੇਣਗੇ। ਇਸਦੇ ਨਾਲ ਹੀ ਉਨ੍ਹਾਂ ਦੀਆਂ ਰਚਨਾਵਾਂ ਨੂੰ ਉੱਘੇ ਗਜ਼ਲ ਗਾਇਕ ਹਰੀ ਕਿਸ਼ਨ ਸ਼ਰਮਾ ਤਰੰਨਮ 'ਚ ਪੇਸ਼ ਕਰਨਗੇ। ਇਹ ਜਾਣਕਾਰੀ ਚੈਨਲ ਦੀ ਮੁੱਖ ਸਲਾਹਕਾਰਾਂ ਕਵਿੱਤਰੀ ਸੋਨੀ ਸੰਧੂ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੇ ਮੰਚ ਸੰਚਾਲਕ ਲੈਕ: ਜਸਪਾਲ ਜੱਸੀ ਕਰਨਗੇ। ਇਸ ਪ੍ਰੋਗਰਾਮ ਨੂੰ ਨੇਪਰੇ ਚੜ੍ਹਾਉਣ ਵਿੱਚ ਸ਼ ?ਰੀ ਅਸ਼ੋਕ ਕੁਮਾਰ ਗਰਗ , ਸੁਰਿੰਦਰ ਕੁਮਾਰ ਸ਼ਰਮਾ , ਡਾ. ਭੀਮ ਸੈਨ ਸ਼ਰਮਾ , ਰੀਤੂ ਸਵੇਰਾ , ਦਲਬੀਰ ਸਿੰਘ ਧਾਲੀਵਾਲ , ਅਮਨਦੀਪ ਸਿੰਘ ਸਿਵੀਆਂ , ਰਾਜਵਿੰਦਰ ਸ਼ਮੀਰ , ਟੋਨੀ ਸ਼ਾਹ ਗੋਨਿਆਣਾ ਅਤੇ ਤੇਜੀ ਬਰਾੜ ਦਾ ਵਿਸੇਸ਼ ਸਹਿਯੋਗ ਹੈ। ਇਸ ਮੌਕੇ ਚੈਨਲ ਵੱਲੋਂ ਐਂਕਰ ਖੁਸ਼ਪ੍ਰੀਤ ਕੌਰ ਸ਼ੇਰਗਿੱਲ , ਆਡੀਟਰ ਸਨੌਵੀ ਸਿੰਘ ਅਤੇ ਸਲਾਹਕਾਰਾਂ ਸੋਨੀ ਸੰਧੂ ਦਾ ਸਨਮਾਨ ਕੀਤਾ ਜਾਵੇਗਾ। ਇਹ ਜਾਣਕਾਰੀ ਕਵਿੱਤਰੀ ਸੋਨੀ ਸੰਧੂ ਨੇ ਦਿੱਤੀ।

# ਪੱਤਰਕਾਰ ਜਗਤਾਰ ਸਿੰਘ ਨੂੰ ਸਦਮਾ ਮਾਤਾ ਦਾ ਹੋਇਆਂ ਦਿਹਾਂਤ

**ਜੰਡਿਆਲਾ ਗੁਰੂ /ਸਤਿੰਦਰ ਬੀਰ ਸਿੰਘ ਹੁੰਦਲ, ਰਵਿੰਦਰ ਸਿੰਘ ਪੀਟੀ**

ਪੱਤਰਕਾਰ ਜਗਤਾਰ ਸਿੰਘ ਬੰਡਾਲਾ ਨੂੰ ਉਸ ਵਕਤ ਅਸਿਹ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਗਿਆਨ ਕੌਰ ਦਾ ਦਿਹਾਂਤ ਹੋ ਗਿਆ । ਇਸ ਮੌਕੇ ਤੇ ਪਰਿਵਾਰ ਨਾਲ ਹਲਕਾ ਜੰਡਿਆਲਾ ਗੁਰੂ ਤੋਂ ਸਾਬਕਾ ਐਮ, ਐਲਏ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਭਾਰਤੀ ਜਨਤਾ ਪਾਰਟੀ ਦੇ ਹਲਕਾ ਇੰਚਾਰਜ ਹਰਦੀਪ ਸਿੰਘ ਗਿੱਲ, ਚੇਅਰਮੈਨ ਹਰਜੀਤ ਸਿੰਘ ਬੰਡਾਲਾ,ਐਸ, ਜੀ, ਪੀ, ਸੀ, ਦੇ ਮੈਂਬਰ ਅਮਰਜੀਤ ਸਿੰਘ, ਅਮਰੀਕ ਸਿੰਘ ਬਾਠ, ਸਾਬਕਾ ਚੇਅਰਮੈਨ ਸੁਰਿੰਦਰ ਸਿੰਘ ਮਾਨਾਂਵਾਲਾ, ਕੁਲਦੀਪ ਸਿੰਘ ਬਾਠ, ਸਰਪੰਚ ਪ੍ਰਗਟ ਸਿੰਘ ਬੱਬਾ, ਅੰਗਰੇਜ਼ ਸਿੰਘ ਹੁੰਦਲ,



ਸਰਪੰਚ ਸਲਵਿੰਦਰ ਸਿੰਘ ਭੋਲਾ, ਸੁਖਵਿੰਦਰ ਸਿੰਘ ਦੌਲਤ, ਓਂਕਾਰ ਸਿੰਘ ਬੰਡਾਲਾ, ਡਾ ਦਵਿੰਦਰ ਸਿੰਘ, ਡਾ ਤਰਸੇਮ ਸਿੰਘ, ਸਾਹਿਬ ਸਿੰਘ ਲਵਲੀ , ਸਰਪੰਚ ਪਰਮਜੀਤ ਸਿੰਘ ਨਿਸ਼ਾਨ, ਪੱਤਰਕਾਰ ਸਤਿੰਦਰਬੀਰ ਸਿੰਘ ਹੁੰਦਲ, ਮਾਂਝਾ ਪ੍ਰੈਸ ਕਲੱਬ ਅੰਮ੍ਰਿਤਸਰ ਦੇ ਚੇਅਰਮੈਨ ਲਖਬੀਰ ਸਿੰਘ ਗਿੱਲ ਸਮੇਤ ਸਮੂਹ ਪੱਤਰਕਾਰ ਭਾਈਚਾਰਾ,ਬਲਜੀਤ ਸਿੰਘ, ਮਲਕੀਤ ਸਿੰਘ ਫੌਜੀ, ਅਤੇ ਧਾਰਮਿਕ, ਰਾਜਨੀਤਿਕ ਸਖਸ਼ੀਅਤਾਂ ਨੇ ਦੁੱਖ ਸਾਂਝਾ ਕੀਤਾ । ਮਾਤਾ ਗਿਆਨ ਕੌਰ ਦੀ ਅੰਤਿਮ ਅਰਦਾਸ ਅਤੇ ਅਖੰਡ ਪਾਠ ਸਾਹਿਬ ਦੇ ਭੋਗ 10 ਜੂਨ ਮੰਗਲਵਾਰ ਨੂੰ ਬਾਬਾ ਦਲੀਪ ਸਿੰਘ ਜੀ ਮਸਤਾਂ ਦੇ ਗੁਰਦੁਆਰਾ ਸਾਹਿਬ ਵਿਖੇ ਪੈਣਗੇ ।

# ਆਮਦਨ ਕਰ ਵਿਭਾਗ ਦੇ ਜਾਂਚ ਡਾਇਰੈਕਟੋਰੇਟ ਨੇ ਆਗਾਮੀ ਵਿਧਾਨ ਸਭਾ ਉਪ ਚੋਣਾਂ 2025 (64-ਲੁਧਿਆਣਾ ਪੱਛਮੀ) 'ਚ ਕਾਲੇ ਧਨ ਦੀ ਵਰਤੋਂ ਨੂੰ ਰੋਕਣ ਲਈ ਕੀਤੇ ਪੁਖ਼ਤਾ ਪ੍ਰਬੰਧ

## ਜਾਣਕਾਰੀ/ਸ਼ਿਕਾਇਤਾਂ ਪ੍ਰਾਪਤ ਕਰਨ ਲਈ ਪੰਜਾਬ ਰਾਜ ਲਈ ਇਨਕਮ ਟੈਕਸ ਦਫ਼ਤਰ, ਜਲੰਧਰ ਵਿਖੇ ਕੰਟਰੋਲ ਰੂਮ ਸਥਾਪਤ

**ਜਲੰਧਰ/ਬਾਠ**

ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਤਹਿਤ ਆਮਦਨ ਕਰ ਵਿਭਾਗ ਦੇ ਜਾਂਚ ਡਾਇਰੈਕਟੋਰੇਟ ਨੇ ਆਗਾਮੀ ਵਿਧਾਨ ਸਭਾ ਉਪ ਚੋਣਾਂ 2025 (64-ਲੁਧਿਆਣਾ ਪੱਛਮੀ) ਵਿੱਚ ਕਾਲੇ ਧਨ ਦੀ ਵਰਤੋਂ ਨੂੰ ਰੋਕਣ ਲਈ ਪੁਖ਼ਤਾ ਪ੍ਰਬੰਧ ਕੀਤੇ ਹਨ।

ਇੰਸਪੈਕਟਰ ਇਨਕਮ ਟੈਕਸ ਇਨਵੈਸਟੀਗੇਸ਼ਨ ਵਿੰਗ ਜਲੰਧਰ ਮਨਵਿੰਦਰਬੀਰ ਸਿੰਘ ਅਸੀਜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਬੰਧ ਵਿੱਚ ਜਾਣਕਾਰੀ/ਸ਼ਿਕਾਇਤਾਂ ਪ੍ਰਾਪਤ ਕਰਨ ਲਈ ਪੰਜਾਬ ਰਾਜ ਲਈ ਇਨਕਮ ਟੈਕਸ ਦਫ਼ਤਰ, ਜਲੰਧਰ ਵਿਖੇ ਇੱਕ ਟੋਲ-ਫ ?ਰੀ ਨੰਬਰ (1800-180-2141) ਅਤੇ ਇੱਕ ਵਟਸਐਪ ਨੰਬਰ (7589166713) ਵਾਲਾ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜੋ ਕਿ 24 ਘੰਟੇ ਕੰਮ ਕਰਦਾ ਹੈ। ਲੋਕਾਂ ਨੂੰ ਇਸ ਨੰਬਰ 'ਤੇ ਕਾਲ ਕਰਨ ਅਤੇ ਚੋਣ ਪ੍ਰਕਿਰਿਆ ਨੂੰ ਗਲਤ ਢੰਗ ਨਾਲ ਪ੍ਰਭਾਵਿਤ ਕਰਨ ਲਈ ਵਰਤੇ ਜਾਂਦੀ ਨਕਦੀ ਜਾਂ ਹੋਰ ਕੀਮਤੀ ਚੀਜ਼ਾਂ ਨਾਲ ਸਬੰਧਤ ਖਾਸ ਜਾਣਕਾਰੀ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਕਾਲ ਕਰਨ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ।

ਜ਼ਿਲ੍ਹੇ ਵਿੱਚ ਉਪ ਚੋਣ ਸਬੰਧੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਅਧਿਕਾਰੀਆਂ ਅਤੇ ਇੰਸਪੈਕਟਰਾਂ ਦੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਸੂਚਨਾ ਦੀ ਪ੍ਰਮਾਣਿਕਤਾ ਦੇ ਆਧਾਰ 'ਤੇ ਅਤੇ ਜਾਂਚ ਤੋਂ ਬਾਅਦ ਕਾਨੂੰਨ ਅਨੁਸਾਰ ਢੁਕਵੇਂ ਮਾਮਲਿਆਂ 'ਚ ਨਕਦੀ ਆਦਿ ਜ਼ਬਤ ਕਰਨ ਦੀ ਕਾਰਵਾਈ ਕੀਤੀ ਜਾਵੇਗੀ। ਇਹ ਟੀਮਾਂ ਜ਼ਿਲ੍ਹਾ ਚੋਣ ਅਫ਼ਸਰ (ਡੀ.ਈ.ਓ.) ਦੇ ਜ਼ਿਲ੍ਹਾ ਕੰਟਰੋਲ ਰੂਮ ਦੇ ਨਾਲ-ਨਾਲ ਜ਼ਿਲ੍ਹਾ ਪੱਧਰ 'ਤੇ ਹੋਰ ਏਜੰਸੀਆਂ ਨਾਲ ਨਜ਼ਦੀਕੀ ਤਾਲਮੇਲ ਵਿੱਚ ਕੰਮ ਕਰਨਗੀਆਂ। ਚੋਣ ਪ੍ਰਕਿਰਿਆ ਦੌਰਾਨ ਬੇਹਿਸਾਬ ਨਕਦੀ ਦੇ ਪ੍ਰਬੰਧਨ ਵਿੱਚ ਸੰਭਾਵਿਤ ਤੌਰ 'ਤੇ ਸ਼ਾਮਲ ਵਿਅਕਤੀਆਂ, ਸਥਾਨਾਂ ਅਤੇ ਗਤੀਵਿਧੀਆਂ 'ਤੇ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਏਅਰ ਇੰਟੈਲੀਜੈਂਸ ਯੂਨਿਟ (19") ਪੰਜਾਬ ਰਾਜ ਦੇ ਸਾਰੇ ਹਵਾਈ ਅੱਡਿਆਂ ਦੇ ਨਾਲ-ਨਾਲ ਰਾਜ ਲਈ ਵਪਾਰਕ ਉਡਾਣਾਂ ਦੀ ਸੇਵਾ ਕਰਨ ਵਾਲੇ ਹਵਾਈ ਅੱਡਿਆਂ 'ਤੇ ਕਾਰਜਸ਼ੀਲ ਹੈ। ਇਹ ਯੂਨਿਟ ਹਵਾਈ ਮਾਰਗ ਰਾਹੀਂ ਨਕਦੀ ਦੀ ਆਵਾਜਾਈ 'ਤੇ ਤਿੱਖੀ ਨਜ਼ਰ ਰੱਖ ਰਹੇ ਹਨ। ਇਸੇ ਤਰ੍ਹਾਂ ਰੇਲਵੇ ਰਾਹੀਂ ਨਕਦੀ ਆਦਿ ਦੀ ਆਵਾਜਾਈ 'ਤੇ ਵੀ ਰੇਲਵੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਨਿਗਰਾਨੀ ਰੱਖੀ ਜਾ ਰਹੀ ਹੈ।

ਬੈਂਕ ਖਾਤਿਆਂ ਤੋਂ ਇੱਕ ਨਿਸ਼ਚਿਤ ਸੀਮਾ ਤੋਂ ਵੱਧ ਨਕਦੀ ਕਢਵਾਉਣ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਕੀਤੀ ਜਾ ਰਹੀ ਹੈ ਅਤੇ ਸ਼ੱਕੀ ਲੈਣ-ਦੇਣ ਦੀ ਪਛਾਣ ਕਰਨ ਅਤੇ ਉਚਿਤ ਕਾਰਵਾਈ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਡਾਇਰੈਕਟੋਰੇਟ ਉਮੀਦਵਾਰਾਂ ਦੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਨੂੰ ਘੋਸ਼ਿਤ ਕਰਨ ਵਾਲੇ ਹਲਫ਼ਨਾਮਿਆਂ ਦੀ ਵੀ ਜਾਂਚ ਕਰੇਗਾ ਅਤੇ ਜੇਕਰ ਇਸ ਨਾਲ ਸਬੰਧਤ ਕੋਈ ਵੀ ਜਾਣਕਾਰੀ ਛੁਪੀ ਹੋਈ ਹੈ, ਤਾਂ ਉਸ ਦੀ ਸੂਚਨਾ ਚੋਣ ਕਮਿਸ਼ਨ ਨੂੰ ਦਿੱਤੀ ਜਾਵੇਗੀ। ਇਸੇ ਤਰ੍ਹਾਂ ਜੇਕਰ ਉਮੀਦਵਾਰਾਂ ਵੱਲੋਂ ਚੋਣ ਖਰਚੇ ਸਬੰਧੀ ਕੋਈ ਇਤਰਾਜ਼ਯੋਗ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਤਾਂ ਉਸ ਦੀ ਸੂਚਨਾ ਚੋਣ ਕਮਿਸ਼ਨ ਨੂੰ ਵੀ ਦਿੱਤੀ ਜਾਵੇਗੀ।

# ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਦੌਰਾਨ ਹੋਏ ਅਹਿਮ ਫੈਸਲੇ

## ਲੁਧਿਆਣੇ 'ਚ ਵਿਧਾਨ ਸਭਾ ਪੱਛਮੀ ਦੀ ਜ਼ਿਮਨੀ ਚੋਣ ਸਮੇਂ ਕੀਤੇ ਜਾਣ ਵਾਲੇ ਰੋਸ ਮਾਰਚ ਵਿੱਚ ਜਥੇਬੰਦੀ ਸ਼ਾਮਲ ਹੋਵੇਗੀ - ਸੁਖਦੇਵ ਸਿੰਘ ਪੰਨੂੰ



**ਸ੍ਰੀ ਅੰਮ੍ਰਿਤਸਰ ਸਾਹਿਬ/ਬਿਊਰੋ**

ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ (ਰਜਿ) ਜਿਲਾ ਅੰਮ੍ਰਿਤਸਰ ਦੀ ਮਹੀਨਾਵਾਰ ਇਕੱਤਰਤਾ ਸੁਖਦੇਵ ਸਿੰਘ ਪੰਨੂੰ ਦੀ ਅਗਵਾਈ ਹੇਠ ਹੋਈ,ਇਸ ਇਕੱਤਰਤਾ ਵਿੱਚ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਤੋਂ ਸੇਵਾਮੁਕਤ ਹੋਏ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਚਰਨ ਸਿੰਘ ਸੰਧੂ ਜਨਰਲ ਸਕੱਤਰ ਵੱਲੋਂ ਰਸਮੀ ਤੌਰ ਤੇ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਪਿਛਲੀ ਮੀਟਿੰਗ ਤੋਂ ਲੈ ਕੇ ਹੁਣ ਤੱਕ ਦੀਆਂ ਜਥੇਬੰਦਕ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਅਤੇ ਮੀਟਿੰਗ ਦਾ ਏਜੰਡਾ ਵੀ ਪੇਸ਼ ਕੀਤਾ ।ਇਸ ਤੋਂ ਬਾਅਦ ਨਰਿੰਦਰ ਸ਼ਰਮਾ ਕੈਸ਼ੀਅਰ ਵੱਲੋਂ ਪਿਛਲੇ ਇਕ ਮਹੀਨੇ ਦੀ ਵਿੱਤੀ ਰਿਪੋਰਟ ਪੇਸ਼ ਕੀਤੀ ਉਪਰੰਤ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੁਖਦੇਵ ਸਿੰਘ ਪੰਨੂੰ ਪ੍ਰਧਾਨ,ਚਰਨ ਸਿੰਘ ਐਕਟਿੰਗ ਪ੍ਰਧਾਨ, ਸੁਖਜਿੰਦਰ ਸਿੰਘ ਰਿਆੜ ਸੀਨੀਅਰ ਮੀਤ ਪ੍ਰਧਾਨ,ਚਰਨ ਸਿੰਘ ਸੰਧੂ ਜਨਰਲ ਸਕੱਤਰ,ਨਰਿੰਦਰ ਸ਼ਰਮਾ ਕੈਸ਼ੀਅਰ ਨੇ ਕਿਹਾ ਕਿ ਪੈਨਸ਼ਨਰਾਂ ਦੀਆਂ ਮੰਗਾਂ ਲੰਮੇ ਸਮੇਂ ਤੋਂ ਲਟਕ ਰਹੀਆਂ ਹਨ ਪਰ ਸਰਕਾਰ ਕਿਸੇ ਨਾ ਕਿਸੇ ਬਹਾਨੇ ਇਨ੍ਹਾਂ ਮੰਗਾਂ ਨੂੰ ਮੰਨਣ ਤੋਂ ਟਾਲਾ ਵੱਟ ਰਹੀ ਹੈ ਸਾਰੇ ਬੁਲਾਰਿਆਂ ਨੇ ਸਰਕਾਰ ਦੀ ਇਸ ਸਾਜ਼ਿਸ਼ੀ ਚੁੱਪ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ।ਸੁਖਦੇਵ ਸਿੰਘ ਪੰਨੂੰ ਪ੍ਰਧਾਨ ਅਤੇ ਚਰਨ ਸਿੰਘ ਸੰਧੂ ਜਨਰਲ ਸਕੱਤਰ ਨੇ ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਟੇਟ ਪੈਨਸ਼ਨਰਜ ਕੰਨਫੈਡਰੇਸ਼ਨ ਦੀ ਕਾਰਜਕਾਰਨੀ ਕਮੇਟੀ ਦੀ ਤਿਮਾਹੀ ਮੀਟਿੰਗ 12-6-25 ਨੂੰ ਪੈਨਸ਼ਨਰ ਭਵਨ ਲੁਧਿਆਣਾ ਵਿਖੇ ਹੋ ਰਹੀ ਹੈ ਇਸ ਮੀਟਿੰਗ ਵਿੱਚ ਜਥੇਬੰਦੀ ਸ਼ਾਮਲ ਹੋਵੇਗੀ ਅਤੇ ਜੋ ਵੀ ਉਥੋਂ ਨਵਾਂ ਐਕਸ਼ਨ ਪ੍ਰੋਗਰਾਮ ਦਿੱਤਾ ਜਾਵੇਗਾ ਉਸਨੂੰ ਲਾਗੂ ਕੀਤਾ ਜਾਵੇਗਾ ।ਇਸੇ ਤਰ੍ਹਾਂ ਮਿਤੀ 30-5-25 ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ ਸਾਂਝਾ ਫਰੰਟ ਦੀ ਜਲੰਧਰ ਵਿਖੇ ਹੋਈ ਮੀਟਿੰਗ ਦੌਰਾਨ ਲਏ ਫੈਸਲੇ ਅਨੁਸਾਰ ਪੰਜਾਬ ਵਿਧਾਨ ਸਭਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਸਮੇਂ ਮਿਤੀ 14-6-25 ਨੂੰ ਕੀਤੇ ਜਾਣ ਵਾਲੇ ਰੋਸ ਮਾਰਚ ਅਤੇ ਰੈਲੀ ਵਿੱਚ ਵੀ ਜਥੇਬੰਦੀ ਵੱਲੋਂ ਸ਼ਾਮਲ ਹੋਣ ਦਾ ਫੈਸਲਾ ਲਿਆ ਗਿਆ ਹੈ।ਪੈਨਸ਼ਨਰਾਂ ਦੀਆਂ ਮੰਗਾਂ ਬਾਰੇ ਦੱਸਿਆ ਕਿ ਮਿਤੀ 1-1-2016 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਨੂੰ 2 59 ਦੇ ਗੁਣਾਂਕ ਨਾਲ ਪੈਨਸ਼ਨਾਂ ਸੋਧ ਕੇ 1-1-16 ਤੋਂ ਸੋਧੀਆਂ ਪੈਨਸ਼ਨਾਂ ਦਾ ਬਕਾਇਆ ਯਕਮੁਸ਼ਤ ਦਿੱਤਾ ਜਾਵੇ, ਕੇਂਦਰ ਅਤੇ ਗੁਆਂਢੀ ਸੂਬਿਆਂ ਦੀ ਤਰਜ਼ ਤੇ ਡੀ ਏ ਦੀਆਂ ਬਾਕੀ ਰਹਿੰਦੀਆਂ ਕਿਸ਼ਤਾਂ ਜਾਰੀ ਕਰਕੇ ਡੀ ਏ 55%ਕੀਤਾ ਜਾਵੇ,ਡੀ ਏ ਦੀਆਂ ਪਹਿਲਾਂ ਜਾਰੀ ਕੀਤੀਆਂ ਕਿਸ਼ਤਾਂ ਦਾ ਬਕਾਇਆ ਵੀ ਤੁਰੰਤ ਜਾਰੀ ਕੀਤਾ ਜਾਵੇ,ਮੈਡੀਕਲ ਭੱਤਾ 2000/-ਪਰਤੀ ਮਹੀਨਾ ਕੀਤਾ ਜਾਵੇ,ਕੈਸ਼ ਲੈਸ ਸਿਹਤ ਸਕੀਮ ਸੋਧ ਕੇ ਦੁਬਾਰਾ ਲਾਗੂ ਕੀਤੀ ਜਾਵੇ।ਮੀਟਿੰਗ ਵਿੱਚ ਹੋਰਨਾ ਤੋਂ ਇਲਾਵਾ ਰਘਬੀਰ ਸਿੰਘ, ਅਮਰੀਕ ਸਿੰਘ,ਕੁਲਦੀਪ ਸਿੰਘ ਸੰਧੂ, ਬਲਦੇਵ ਸਿੰਘ ਰੰਧਾਵਾ,ਸਤਨਾਮ ਸਿੰਘ, ਅਮੋਲਜੀਤ ਸਿੰਘ,ਸੁਖਵੰਤ ਸਿੰਘ ਔਲਖ, ਅਮਰਜੀਤ ਸਿੰਘ,ਚੈਨ ਸਿੰਘ,ਬਖਸ਼ੀ ਰਾਮ,ਜਗਦੀਸ਼ ਰਾਜ,ਬਿਹਾਰੀ ਲਾਲ, ਸੁਖਦੇਵ ਸਿੰਘ ਪੱਧਰੀ,ਕੰਵਲਜੀਤ ਸਿੰਘ ਬੱਲ,ਪ੍ਰਿਤਪਾਲ ਸਿੰਘ,ਰਾਜ ਪਾਲ,ਸੁਰੇਸ਼ ਕੁਮਾਰ,ਕੰਵਰ ਹਰਜੀਤ ਸਿੰਘ, ਸਵਿੰਦਰਪਾਲ ਸਿੰਘ, ਗੁਲਜ਼ਾਰ ਸਿੰਘ, ਰਣਜੀਤ ਸਿੰਘ,ਦਵਿੰਦਰ ਸਿੰਘ ਬਾਜਵਾ, ਸ਼ਾਮ ਸੁੰਦਰ,ਸ਼ਿਵ ਕੁਮਾਰ,ਸਰਦੂਲ ਸਿੰਘ, ਸੁਬਾਸ਼ ਚੰਦ,ਕਸ਼ਮੀਰ ਮਸੀਹ,ਦਿਲਦਾਰ ਸਿੰਘ,ਨਰਿੰਦਰ ਸਿੰਘ ਗਿੱਲ, ਕੁਲਦੀਪ ਸਿੰਘ,ਅਸ਼ਵਨੀ ਕੁਮਾਰ,ਬਲਬੀਰ ਸਿੰਘ, ਰਘਬੀਰ ਸਿੰਘ ਬੱਲ,ਵਿਜੇ ਕੁਮਾਰ, ਕੰਵਲਜੀਤ ਸਿੰਘ ਬਾਵਾ,ਨਾਨਕ ਚੰਦ, ਭਾਰਤ ਭੂਸ਼ਨ ਬਾਸਲ,ਮਨਜੀਤ ਸਿੰਘ, ਕੁਲਦੀਪ ਸਿੰਘ,ਗੁਰਜੀਤ ਸਿੰਘ ਆਦਿ ਹਾਜ਼ਰ ਸਨ ।

# ਮਨਿਸਟਰੀਅਲ ਸਟਾਫ ਯੂਨੀਅਨ ਸਿੱਖਿਆ ਵਿਭਾਗ ਦੀ ਹੋਈ ਸੂਬਾ ਪੱਧਰੀ ਮੀਟਿੰਗ

## ਭਵਿੱਖ ਦੀਆਂ ਰਣਨੀਤੀਆਂ ਦਾ ਖਰੜਾ ਕੀਤਾ ਗਿਆ ਤਿਆਰ-ਗੁਰਪ੍ਰੀਤ ਸਿੰਘ ਖੱਟੜਾ

**ਖੰਨਾ/ਪਾਇਲ, ਲਾਲ ਸਿੰਘ ਮਾਂਗਟ**





ਮਨਿਸਟਰੀਅਲ ਸਟਾਫ ਯੂਨੀਅਨ ਸਿੱਖਿਆ ਵਿਭਾਗ ਦੀ ਅਹਿਮ ਮੀਟਿੰਗ ਸੂਬਾ ਪ੍ਰਧਾਨ ਸਰਬਜੀਤ ਸਿੰਘ ਡਿਗਰਾ ਅਤੇ ਸੂਬਾ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਖੱਟੜਾ ਦੀ ਅਗਵਾਈ ਵਿੱਚ ਨਕੋਦਰ ਰੋਡ ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਪੂਰੇ ਪੰਜਾਬ ਤੋਂ ਮਨਿਸਟਰੀਅਲ ਯੂਨੀਅਨ ਸਿੱਖਿਆ ਵਿਭਾਗ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਜਰਨਲ ਸਕੱਤਰ ਸ਼ਾਮਿਲ ਹੋਏ।ਇਸ ਮੌਕੇ ਸਰਬਪ੍ਰੀਤ ਸਿੰਘ ਅਤੇ ਮਨਜਿੰਦਰ ਸਿੰਘ ਬੱਲ ਵੱਲੋਂ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ ਗਈ। ਇਸ ਸਬੰਧੀ ਦੱਸਦਿਆਂ ਸੂਬਾ ਪ੍ਰੈਸ ਸਕੱਤਰ ਅਮਨਇੰਦਰ ਸਿੰਘ ਘੁਡਾਣੀ ਨੇਂ ਕਿਹਾ ਕਿ ਮੀਟਿੰਗ ਦਾ ਮੁੱਖ ਏਜੰਡਾ ਸਟੇਟ ਬਾਡੀ ਵੱਲੋਂ ਹੁਣ ਤੱਕ ਕੀਤੇ ਗਏ ਕੰਮਾਂ ਦੀ ਘੋਖ ਕਰਨਾ ਸੀ ਅਤੇ ਸਟੇਟ ਟੀਮ ਵੱਲੋਂ ਪ੍ਰਾਪਤ ਕੀਤੀਆਂ ਉਪਲਬਧੀਆਂ ਬਾਰੇ ਦੱਸਣਾ ਸੀ।ਉਹਨਾਂ ਕਿਹਾ ਕਿ ਮੀਟਿੰਗ ਵਿੱਚ ਭਵਿੱਖ ਵਿੱਚ ਯੂਨੀਅਨ ਵੱਲੋਂ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ,ਇਸ ਉਪਰੰਤ ਸਟੇਟ ਬਾਡੀ ਵੱਲੋਂ ਸਮੂਹ ਜ਼ਿਲ੍ਹਾ ਪ੍ਰਧਾਨਾਂ ਤੋ ਫੀਲਡ ਵਿੱਚ ਆ ਰਹੀਆਂ ਪਰੇਸ਼ਾਨੀਆਂ ਨੂੰ ਸੁਣਿਆ ਅਤੇ ਉਹਨਾਂ ਨੂੰ ਹੱਲ ਕਰਨ ਦਾ ਭਰੋਸਾ ਵੀ ਦਿੱਤਾ।ਉਹਨਾਂ ਅੱਗੇ ਕਿਹਾ ਕਿ ਸਮੂਹ ਜਿਲ੍ਹਾ ਪ੍ਰਧਾਨਾਂ ਦੇ ਸੁਝਾਅ ਸੁਣੇ ਗਏ ਅਤੇ ਉਹਨਾਂ ਦੀਆਂ ਮੰਗਾਂ ਬਾਰੇ ਵੀ ਖੁੱਲ ਕੇ ਵਿਚਾਰ ਵਟਾਂਦਰਾ ਕੀਤਾ।ਇਸ ਮੌਕੇ ਸਟੇਟ ਬਾਡੀ ਵੱਲੋਂ ਵੱਖੋ ਵੱਖਰੇ ਸਮੇਂ ਤੇ ਯੂਨੀਅਨ ਵਿੱਚ ਸੇਵਾ ਨਿਭਾ ਕੇ ਚੁੱਕੇ ਅਹੁਦੇਦਾਰਾਂ ਪਵਨਜੀਤ ਸਿੱਧੂ,ਸੁਖਦੇਵ ਸਿੰਘ ਗਿੱਲ. ਅਨੁਰਿਧ ਮੋਦਗਿੱਲ, ਯਾਦਵਿੰਦਰ ਸਿੰਘ ਧਾਲੀਵਾਲ,ਸੰਜੀਵ ਕਾਲੜਾ,ਰਛਪਾਲ ਸਿੰਘ ਆਦਿ ਦਾ ਸਨਮਾਨ ਕੀਤਾ। ਇਸ ਸਮੇਂ ਸਰਿੰਦਰਪਾਲ ਲੁਧਿਆਣਾ, ਰਾਜਦੀਪ ਗੁਪਤਾ ਪਠਾਨਕੋਟ, ਨਿਸ਼ਾਨ ਸਿੰਘ ਤਰਨਤਾਰਨ, ਬਿਕਰਮਜੀਤ ਸਿੰਘ ਹੁਸ਼ਿਆਰਪੁਰ, ਉਕਾਰ ਸਿੰਘ ਕਪੂਰਥਲਾ, ਰਵਿੰਦਰ ਸ਼ਰਮਾ ਬਰਨਾਲਾ, ਵਰੁਨ ਫ਼ਿਰੋਜ਼ਪੁਰ, ਸੁਖਜੀਤ ਸਿੰਘ ਜਲੰਧਰ,ਸੰਦੀਪ ਭੱਟ ਰੋਪੜ,ਸੇਵਕ ਸਿੰਘ ਮੋਗਾ,ਤਜਿੰਦਰ ਅੰਮ੍ਰਿਤਸਰ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸੂਬਾ ਸਕੱਤਰ ਗੁਰਪ੍ਰੀਤ ਸਿੰਘ ਖੱਟੜਾ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਪੀ ਐਸ ਐਮ ਐਸ ਯੂ ਦੇ ਸੂਬਾ ਪ੍ਰਧਾਨ ਗੁਰਨਾਮ ਸਿੰਘ ਵਿਰਕ ਵੀ ਉਚੱਚੇ ਤੌਰ ਤੇ ਸ਼ਾਮਿਲ ਹੋਏ ਅਤੇ ਯੂਨੀਅਨ ਦੀਆਂ ਮੰਗਾਂ ਨੂੰ ਲੈ ਕੇ ਉਹਨਾਂ ਨਾਲ ਵਿਚਾਰ ਵਟਾਂਦਰਾ ਵੀ ਕੀਤਾ।ਗੁਰਪ੍ਰੀਤ ਸਿੰਘ ਖੱਟੜਾ ਨੇ ਕਿਹਾ ਕਿ ਉਹਨਾ ਵੱਲੋਂ ਸਾਰੀਆਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਗਿਆ ਅਤੇ ਟਾਈਪ ਟੈਸਟ ਤੋ ਛੋਟ ਦੀ ਮੰਗ ਨੂੰ ਪਹਿਲ ਦੇ ਅਧਾਰ ਤੇ ਕਰਨ ਦਾ ਭਰੋਸਾ ਵੀ ਦਿੱਤਾ ਅਤੇ ਇਸ ਉਪਰੰਤ ਯੂਨੀਅਨ ਵੱਲੋਂ ਗੁਰਨਾਮ ਸਿੰਘ ਵਿਰਕ ਦਾ ਸਨਮਾਨ ਵੀ ਕੀਤਾ ਗਿਆ।

# ਡਾ. ਭੀਮ ਰਾਉ ਅੰਬੇਡਕਰ ਜੀ ਦਾ ਅਪਮਾਨ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਘੱਟ ਤੋ ਘੱਟ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ : ਠੇਕੇਦਾਰ ਭਗਵਾਨ ਦਾਸ ਸਿੱਧੂ

**ਹੁਸ਼ਿਆਰਪੁਰ / ਤਰਸੇਮ ਦੀਵਾਨਾ**



ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਠੇਕੇਦਾਰ ਭਗਵਾਨ ਦਾਸ ਸਿੱਧੂ, ਨੇ ਪਿਛਲੇ ਦਿਨੀ ਫਿਲੌਰ ਦੇ ਨਾਲ ਲੱਗਦੇ ਪਿੰਡ ਨੰਗਲ ਵਿਖੇ ਭਾਰਤ ਰਤਨ, ਭਾਰਤੀ ਸੰਵਿਧਾਨ ਨਿਰਮਾਤਾ, ਕ੍ਰੋੜਾਂ ਲੋਕਾਂ ਦੇ ਮਸੀਹਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਦੀ ਬੇਅਦਬੀ ਕਰਨ ਦੀ ਭਾਰੀ ਆਲੋਚਨਾ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਜੀ ਦਾ ਅਪਮਾਨ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਘੱਟ ਤੋ ਘੱਟ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ।

ਠੇਕੇਦਾਰ ਭਗਵਾਨ ਦਾਸ ਸਿੱਧੂ, ਨੇ ਕਿਹਾ ਕਿ ਕੁੱਝ ਸਮਾਜ ਅਤੇ , ਭਾਰਤ ਵਿਰੋਧੀ ਤਾਕਤਾਂ ਐਸਸੀ ਸਮਾਜ ਅਤੇ ਸਿੱਖ ਭਾਈਚਾਰੇ ਅੰਦਰ ਨਫਰਤ ਦੇ ਬੀਜ ਬੀਜ ਕੇ ਆਪਸੀ ਭਾਈਚਾਰਕ ਸਾਂਝ ਅਤੇ ਏਕਤਾ,ਅਮਨ ਸ਼ਾਂਤੀ ਦੇ ਮਾਹੌਲ ਨੂੰ ਲਾਂਬੂ ਲਗਾਉਣ ਦੀ ਕੋਸ਼ਿਸ਼ ਕਰ ਰਹੇ ਰਹੇ ਹਨ, ਇਸ ਕਰਕੇ ਪੰਜਾਬ ਵਾਸੀਆਂ ਨੂੰ ਅਜਿਹੀਆਂ ਲਾਂਬੂ ਲਾਉਣ ਵਾਲੀਆਂ ਤਾਕਤਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਬਸਪਾ ਆਗੂ ਨੇ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ, ਵਿਦਵਾਨਾਂ, ਯੋਧਿਆਂ ਦੀ ਧਰਤੀ ਹੈ ਜਿਨਾਂ ਨੇ ਦੇਸ਼ ਵਾਸੀਆਂ ਨੂੰ ਜਿਥੇ ਅਮਨ , ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਕੇ ਰਹਿਣ ਦਾ ਰਸਤਾ ਦੱਸਿਆ ਹੈ ਓਥੇ ਆਪਣੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਕਰਨ ਦਾ ਬਲ ਵੀ ਬਖਸ਼ਿਆ ਹੈ। ਬਸਪਾ ਆਗੂ ਨੇ ਕਿਹਾ ਕਿ ਸਰਕਾਰਾਂ ਵਿੱਚ ਬੈਠੇ ਸਵਾਰਥੀ ਤੇ ਲਾਲਚੀ ਲੋਕਾਂ ਦੀਆਂ ਨਾਕਾਮੀਆਂ ਨੇ ਬਾਬਾ ਸਾਹਿਬ ਜੀ ਦਾ ਅਪਮਾਨ ਕਰਾਕੇ ਕ੍ਰੋੜਾਂ ਦਲਿਤਾਂ, ਗਰੀਬਾਂ ਦੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਭਾਵਨਾਵਾਂ ਨੂੰ ਕੁਚਲ ਕੇ ਰੱਖ ਦਿੱਤਾ ਹੈ, ਜਿਸਨੂੰ ਬਹੁਜਨ ਸਮਾਜ ਪਾਰਟੀ ਬਰਦਾਸ਼ਤ ਨਹੀਂ ਕਰੇਗੀ।

# ਤਿੰਨ ਦਿਨਾਂ ਤੋਂ ਦਾਖਲ ਜ਼ਖਮੀਆਂ ਦਾ ਇਲਾਜ ਨਾ ਕਰਨ ਦੇ ਸਿਵਲ ਹਸਪਤਾਲ 'ਤੇ ਲੱਗੇ ਇਲਜਾਮ

## ਨਿਮਿਸ਼ਾ ਮਹਿਤਾ ਨੇ ਸਿਵਲ ਹਸਪਤਾਲ ਵਿਖੇ ਜ਼ਖਮੀਆਂ ਨਾਲ ਕੀਤੀ ਗੱਲਬਾਤ

**ਗੜ੍ਹਸ਼ੰਕਰ/ਰਾਕੇਸ਼ ਕੁਮਾਰ**



ਤੇ 3 ਜੂਨ ਨੂੰ ਪਿੰਡ ਕੋਟ ਵਿਖੇ ਹੋਈ ਲੜਾਈ-ਝਗੜੇ ਦੇ ਮਾਮਲੇ ਵਿੱਚ ਜ਼ਖ਼ਮੀ ਹੋਏ 2 ਸਕੇਂ ਭਰਾਵਾਂ ਨੂੰ ਇਲਾਜ ਲਈ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਖੇ ਦਾਖਲ ਕਰਵਾਇਆ ਗਿਆ ਸੀ। ਇਸ ਸਬੰਧੀ ਪਰਿਵਾਰਕ ਮੈਂਬਰਾਂ ਨੇ ਇਲਜਾਮ ਲਗਾਉਂਦੇ ਹੋਏ ਕਿਹਾ ਕਿ ਤਿੰਨ ਬੀਤ ਜਾਣ ਦੇ ਬਾਵਜੂਦ ਵੀ ਸਿਵਲ ਹਸਪਤਾਲ ਵਿਖੇ ਜ਼ਖਮੀਆਂ ਦਾ ਇਲਾਜ ਨਹੀਂ ਕੀਤਾ ਗਿਆ। ਇਸ ਮਾਮਲੇ ਸਬੰਧੀ ਜਦੋਂ ਭਾਜਪਾ ਦੀ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਸਿਵਲ ਹਸਪਤਾਲ ਵਿਖੇ ਪਹੁੰਚ ਕੇ ਜ਼ਖਮੀਆਂ ਦਾ ਹਾਲ-ਚਾਲ ਪੁੱਛਿਆ ਅਤੇ ਜ਼ਖਮੀਆਂ ਦੇ ਇਲਾਜ ਸਬੰਧੀ ਡਾਕਟਰਾਂ ਨਾਲ ਗੱਲਬਾਤ ਕੀਤੀ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਖੇ ਦਾਖਲ ਜ਼ਖ਼ਮੀ ਰਾਮ ਦਾਸ ਪੁੱਤਰ ਸਰਵਣ ਰਾਮ ਨੇ ਦੱਸਿਆ ਬੀਤੇ 3 ਜੂਨ ਦੀ ਰਾਤ ਨੂੰ ਪਿੰਡ ਦੇ ਕੁੱਝ ਵਿਅਕਤੀਆਂ ਵੱਲੋਂ ਉਨ੍ਹਾਂ ਦੇ ਘਰ ਤੇ ਹਮਲਾ ਕਰਕੇ ਭੰਨਤੋੜ ਕੀਤੀ ਅਤੇ ਕੁੱਟਮਾਰ ਕਰਕੇ ਉਸ ਨੂੰ ਅਤੇ ਉਸਦੇ ਵੱਡੇ ਭਰਾ ਜਸਵੀਰ ਸਿੰਘ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਖੇ ਦਾਖਲ ਕਰਵਾਇਆ ਗਿਆ ਪਰ ਤਿੰਨ ਦਿਨ ਬੀਤ ਜਾਣ ਦੇ ਬਾਵਜੂਦ ਵੀ ਡਾਕਟਰ ਵੱਲੋਂ ਉਨ੍ਹਾਂ ਦਾ ਇਲਾਜ ਨਹੀਂ ਕੀਤਾ ਗਿਆ। ਰਾਮ ਦਾਸ ਨੇ ਦੱਸਿਆ ਕਿ ਇਸ ਸਬੰਧੀ ਡਾਕਟਰਾਂ ਦਾ ਕਹਿਣਾ ਸੀ ਕਿ ਜਦੋਂ ਤੱਕ ਪੁਲਿਸ ਵੱਲੋਂ ਉਨ੍ਹਾਂ ਦੇ ਬਿਆਨ ਦਰਜ ਨਹੀਂ ਕੀਤੇ ਜਾਂਦੇ ਉਦੋਂ ਤੱਕ ਉਨ੍ਹਾਂ ਦਾ ਇਲਾਜ ਨਹੀਂ ਕੀਤਾ ਜਾਵੇਗਾ। ਇਸ ਸਬੰਧੀ ਜਦੋਂ ਡਾਕਟਰ ਪਰਮ ਹੰਸ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਸਾਰੇ ਦੋਸ਼ਾਂ ਨਕਾਰਦਿਆਂ ਕਿਹਾ ਜਦੋਂ ਉਨ੍ਹਾਂ ਕੋਲ ਰਾਮ ਦਾਸ ਅਤੇ ਜਸਵੀਰ ਸਿੰਘ ਨੂੰ ਜ਼ਖ਼ਮੀ ਹਾਲਤ ਵਿੱਚ ਲਿਆਂਦਾ ਗਿਆ ਤਾਂ ਉਨ੍ਹਾਂ ਨੇ ਮੌਕੇ ਤੇ ਹੀ ਕਾਗ਼ਜ਼ੀ ਕਾਰਵਾਈ ਤੋਂ ਬਾਅਦ ਜ਼ਖਮੀਆਂ ਦਾ ਇਲਾਜ ਸ਼ੁਰੂ ਕਰ ਦਿੱਤਾ ਸੀ। ਡਾਕਟਰ ਪਰਮ ਹੰਸ ਨੇ ਦੱਸਿਆ ਕਿ ਜਸਵੀਰ ਸਿੰਘ ਦੇ ਸਿਰ ਵਿਚ ਸੱਟ ਲੱਗੀ ਹੈ ਜਦੋਂ ਕਿ ਰਾਮ ਦਾਸ ਦੇ ਹੱਥ ਦੀਆਂ ਉਂਗਲਾਂ ਫ਼ਰੈਕਚਰ ਹਨ ਅਤੇ ਹਸਪਤਾਲ ਵਿਖੇ ਸਬੰਧਤ ਡਾਕਟਰ ਨਾ ਹੋਣ ਕਾਰਨ ਅੱਜ ਦੋਵਾਂ ਜ਼ਖਮੀਆਂ ਨੂੰ ਰੈਫਰ ਕੀਤਾ ਜਾ ਰਿਹਾ ਹੈ।

# ਸ਼੍ਰੋਮਣੀ ਕਮੇਟੀ ਬਾਦਲਕਿਆਂ ਨੇ ਸਿੱਖ ਕੌਮ ਦੀ ਅਜ਼ਾਦੀ ਦੀ ਆਵਾਜ਼ ਦਬਾਉਣ ਲਈ ਸਪੀਕਰ ਉੱਚੇ ਕਰਕੇ ਕੀਰਤਨ ਨੂੰ ਹਥਿਆਰ ਵਜੋਂ ਵਰਤਿਆ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ




**ਅੰਮ੍ਰਿਤਸਰ**

ਜੂਨ 1984 ਦੇ ਤੀਜੇ ਘੱਲੂਘਾਰੇ ਦੀ 41ਵੀਂ ਵਰ੍ਹੇਗੰਢ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਸਮਾਗਮ ਦੀ ਸਮਾਪਤੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਬਾਦਲਕਿਆਂ ਨੇ ਸਿੱਖ ਕੌਮ ਦੀ ਅਜ਼ਾਦੀ ਦੀ ਆਵਾਜ਼ ਦੱਬਣ ਲਈ ਸਪੀਕਰ ਬੇਹੱਦ ਉੱਚੇ ਕਰਕੇ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਨੂੰ ਹਥਿਆਰ ਵਜੋਂ ਵਰਤਿਆ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਕਿਹਾ ਸੀ ਕਿ ÷ਜੇ ਦਰਬਾਰ ਸਾਹਿਬ ਉੱਤੇ ਹਮਲਾ ਹੋਇਆ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਤੇ ਫਿਰ ਅਗਲਾ ਸੰਘਰਸ਼ ਵੱਧ ਅਧਿਕਾਰਾਂ ਜਾਂ ਅਨੰਦਪੁਰ ਦੇ ਮਤੇ ਲਈ ਨਹੀਂ, ਬਲਕਿ ਸਿੱਖ ਕੌਮ ਦੇ ਆਜ਼ਾਦ ਘਰ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਹੋਵੇਗਾ।÷ ਘੱਲੂਘਾਰੇ ਤੋਂ ਬਾਅਦ ਖਾਲਿਸਤਾਨ ਦੀ ਸਿਰਜਣਾ ਲਈ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੇ ਜੂਝ ਕੇ ਸ਼ਹਾਦਤਾਂ ਦੇ ਜਾਮ ਪੀਤੇ। ਭਾਰਤ ਸਰਕਾਰ ਨੇ ਖ਼ਾਲਿਸਤਾਨ ਦੇ ਸੰਘਰਸ਼ ਨੂੰ ਖਤਮ ਕਰਨ ਅਤੇ ਦਬਾਉਣ ਲਈ ਹਰ ਹਰਬਾ ਵਰਤਿਆ ਪਰ ਇਹ ਸੰਘਰਸ਼ ਰਾਜਨੀਤਕ, ਜ਼ਮਹੂਰੀਅਤ ਅਤੇ ਲੋਕਤੰਤਰਿਕ ਢੰਗ ਨਾਲ ਅੱਜ ਵੀ ਜਾਰੀ ਹੈ। ਪੰਥਕ/ਖਾਲਿਸਤਾਨੀ ਜਥੇਬੰਦੀਆਂ ਵੱਲੋਂ ਸੈਮੀਨਾਰਾਂ, ਮਾਰਚਾਂ, ਪ੍ਰਦਰਸ਼ਨਾਂ, ਤਕਰੀਰਾਂ, ਬਿਆਨਾਂ ਅਤੇ ਸਮਾਗਮਾਂ ਦੌਰਾਨ ਖ਼ਾਲਿਸਤਾਨ ਦੀ ਆਵਾਜ਼ ਬੁਲੰਦ ਕੀਤੀ ਜਾਂਦੀ ਹੈ ਅਤੇ ਖਾਸ ਕਰਕੇ ਜੂਨ 1984 ਘੱਲੂਘਾਰੇ ਨੂੰ ਯਾਦ ਕਰਦਿਆਂ ਹਰ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਗਜਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਤੇ ਭਾਰਤੀ ਹਕੂਮਤ ਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਦੱਸਿਆ ਜਾਂਦਾ ਹੈ ਕਿ ਸਿੱਖ ਕੌਮ ਵਿੱਚ ਅੱਜ ਵੀ ਖਾਲਿਸਤਾਨ ਪ੍ਰਤੀ ਤੜਪ ਜਾਰੀ ਹੈ ਤੇ ਸਿੱਖ ਕੌਮ ਆਜ਼ਾਦੀ ਮੰਗਦੀ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ, ਸਰਕਾਰੀ ਏਜੰਸੀਆਂ ਅਤੇ ਪੁਲਿਸ ਨੂੰ ਖੁਸ਼ ਕਰਨ ਲਈ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਕਮੇਟੀ ਵਾਲੇ ਪੰਥ ਨਾਲ ? ਗੱਦਾਰੀਆਂ ਕਰ ਰਹੇ ਹਨ ਤੇ ਉਹ ਹਰ ਸਾਲ ਖਾਲਿਸਤਾਨ ਦੀ ਆਵਾਜ਼ ਨੂੰ ਦੱਬਣ ਦਾ ਯਤਨ ਕਰਦੇ ਹਨ। ਇਸ ਵਾਰ ਵੀ ਅਰਦਾਸ ਅਤੇ ਹੁਕਮਨਾਮਾ ਸਾਹਿਬ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਸਪੀਕਰਾਂ ਦੀ ਆਵਾਜ਼ ਬੇਹੱਦ ਉੱਚੀ ਕਰ ਦਿੱਤੀ ਤਾਂ ਜੋ ਖਾਲਿਸਤਾਨ ਦੇ ਨਾਅਰਿਆਂ ਦੀ ਆਵਾਜ਼ ਦਾ ਦੁਨੀਆਂ ਅਤੇ ਮੀਡੀਆ ਨੂੰ ਪਤਾ ਨਾ ਲੱਗ ਸਕੇ। ਪਰ ਸਿੱਖ ਨੌਜਵਾਨੀ ਨੇ ਆਪਣੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਉਹਨਾਂ ਦੇ ਕੌਮੀ ਨਿਸ਼ਾਨੇ ਖਾਲਿਸਤਾਨ ਪ੍ਰਤੀ ਪੂਰੀ ਸੁਹਿਰਦਤਾ ਅਤੇ ਜੋਸ਼ ਨਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਖਾਲਿਸਤਾਨ ਜਿੰਦਾਬਾਦ ਦੇ ਨਾਅਰਿਆਂ ਨਾਲ ਗੂੰਜਣ ਲਾ ਦਿੱਤਾ। ਭਾਈ ਰਣਜੀਤ ਸਿੰਘ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਦਸ ਕੁ ਸਾਲ ਪਹਿਲਾਂ ਕਿਹਾ ਸੀ ਕਿ ਜੂਨ 1984 ਦੇ ਘੱਲੂਘਾਰੇ ਸਮਾਗਮਾਂ 'ਚ ਹੌਲੀ-ਹੌਲੀ ਖਾਲਿਸਤਾਨ ਦੀ ਨਾਅਰੇਬਾਜੀ ਬਿਲਕੁਲ ਬੰਦ ਹੋ ਜਾਵੇਗੀ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜੇਕਰ ਅਵਤਾਰ ਸਿੰਘ ਮੱਕੜ ਅੱਜ ਜਿਉਂਦੇ ਹੁੰਦੇ ਤਾਂ ਉਹ ਦੇਖ ਲੈਂਦੇ ਕਿ ਸਿੱਖ ਸੰਗਤਾਂ ਦਾ ਆਪਣੇ ਸ਼ਹੀਦਾਂ ਦੇ ਨਿਸ਼ਾਨੇ ਪ੍ਰਤੀ ਪਿਆਰ ਡੁਲ ਡੁੱਲ ਪੈ ਰਿਹਾ ਹੈ ਤੇ ਉਹ ਖਾਲਿਸਤਾਨ ਦੇ ਨਿਸ਼ਾਨੇ ਦੀ ਪੂਰਤੀ ਲਈ ਪੂਰੀ ਤਰ੍ਹਾਂ ਦ੍ਰਿੜ ਹਨ। ਫੈਡਰੇਸ਼ਨ ਨੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਵਾਲ ਕੀਤਾ ਕਿ ਕੀ ਉਹ ਸਿੱਖ ਕੌਮ ਨੂੰ ਗ਼ੁਲਾਮ ਹੀ ਵੇਖਣਾ ਚਾਹੁੰਦੇ ਹਨ ? ਜਦ ਕਿ ਸ਼੍ਰੋਮਣੀ ਕਮੇਟੀ ਨੂੰ ਖਾਲਿਸਤਾਨ ਦੇ ਵਿਰੋਧ ਵਿੱਚ ਨਹੀਂ ਭੁਗਤਣਾ ਚਾਹੀਦਾ, ਜੇਕਰ ਸ਼੍ਰੋਮਣੀ ਕਮੇਟੀ ਖੁਦ ਖਾਲਿਸਤਾਨ ਦੀ ਗੱਲ ਨਹੀਂ ਕਰ ਸਕਦੀ ਤਾਂ ਜਿਹੜੇ ਕਰ ਰਹੇ ਹਨ ਉਹਨਾਂ ਦੀ ਆਵਾਜ਼ ਨੂੰ ਦਬਾਉਣਾ ਨਹੀਂ ਚਾਹੀਦਾ। ਉਹਨਾਂ ਇਹ ਵੀ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਖਾਲਿਸਤਾਨ ਦੇ ਨਾਅਰੇ ਲਾਉਣ ਵਾਲੇ ਗੁਰਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਡਾਂਗਾਂ ਨਾਲ ਕੁੱਟਦੀ ਸੀ ਤੇ ਇਹਨਾਂ ਨੌਜਵਾਨਾਂ ਨੂੰ ਪੁਲਿਸ ਕੋਲ ਫੜਾ ਦਿੱਤਾ ਜਾਂਦਾ ਸੀ। ਪਰ ਭਾਰਤ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਬਾਦਲਕਿਆਂ ਦਾ ਜ਼ੁਲਮ ਸਿੱਖਾਂ ਨੂੰ ਖਾਲਿਸਤਾਨ ਦੇ ਨਿਸ਼ਾਨੇ ਤੋਂ ਭਟਕਾ ਅਤੇ ਥਿੜਕਾ ਨਹੀਂ ਸਕਿਆ ਹੈ।

# ਝੂਠੇ ਨਰੇਗਾ ਜੋਬ ਕਾਰਡ ਵਿਦੇਸ਼ੀ ਪਰਿਵਾਰਾਂ ਨਾਲ ਸੰਬੰਧਿਤ ਬਣਾਉਣ ਤੇ ਸਰਪੰਚ ਕਲੇਰ ਉੱਪਰ ਲੱਗੇ ਦੋਸ਼

**ਅੰਮ੍ਰਿਤਸਰ**



ਹਲਕਾ ਰਾਜਾ ਸਾਂਸੀ ਅਧੀਨ ਗ੍ਰਾਮ ਪੰਚਾਇਤ ਪਿੰਡ ਕਲੇਰ ਰਾਮ ਤੀਰਥ ਲੋੜਵੰਦ ਪਰਿਵਾਰਾਂ ਨੂੰ ਛੱਡ ਦਿਆਂ ਜ਼ਿਮੀਦਾਰ ਪਰਿਵਾਰਾਂ ਦੇ ਜੋਬ ਕਾਰਡ ਨਰੇਗਾ ਬਣਨ ਦਾ ਮਾਮਲਾ ਸਾਹਮਣੇ ਆਇਆ ਹੈ ਪਿੰਡ ਕਲੇਰ ਦੇ ਸ਼ਿਕਾਇਤ ਕਰਤਾ ਰਣਜੀਤ ਸਿੰਘ ਸ਼ਮਸ਼ੇਰ ਸਿੰਘ ਮੇਜਰ ਸਿੰਘ ਪ੍ਰੈਸ ਮਿਲਣੀ ਦੌਰਾਨ ਵੱਖ-

## ਪੰਚਾਇਤ ਦੋਸ਼ਾਂ ਨੂੰ ਨਕਾਰਿਆ

ਵੱਖ ਮਹਿਕਮਿਆਂ ਨੂੰ ਸ਼ਿਕਾਇਤਾਂ ਦੀਆਂ ਕਾਪੀਆਂ ਵਿਕਾਉਂਦਿਆਂ ਦੱਸਿਆ ਕਿ ਗ੍ਰਾਮ ਪੰਚਾਇਤ ਕਲੇਰ ਮੌਜੂਦਾ ਸਰਪੰਚ ਗੁਰਮੁਖ ਸਿੰਘ ਵੱਲੋਂ ਨਰੇਗਾ ਸਕੀਮ ਤਹਿਤ ਦਿਹਾੜੀ ਕਰਨ ਲਈ ਪਿੰਡ ਦੇ ਰਹਿਣ ਵਾਲੇ ਲੋੜਵੰਦ ਪਰਿਵਾਰਾਂ ਦੇ ਲੋਕਾਂ ਨੂੰ ਛੱਡ ਕੇ ਅਮੀਰ ਜਾਦਿਆਂ ਦੇ ਮਿਲੀ ਭੁਗਤ ਨਾਲ ਜੋਬ ਕਾਰਡ ਬਣਾ ਕੇ ਸਰਕਾਰ ਨੂੰ ਚੂਨਾ ਲਗਾਇਆ ਜਾ ਰਿਹਾ ਹੈ ਉਥੇ ਕਈ ਅਸਰ ਸੂਖ ਰੱਖਣ ਵਾਲੇ ਪਰਵਾਰਾਂ ਵੱਲੋਂ ਬੈਂਕ ਖਾਤਿਆਂ ਵਿੱਚੋਂ ਇਹ ਪੈਸੇ ਕਢਵਾਏ ਜਾ ਚੁੱਕੇ ਹਨ ਸਰਪੰਚ ਗੁਰਮੁਖ ਸਿੰਘ ਵੱਲੋਂ ਆਪਣੇ ਹੀ ਪੁੱਤਰ ਸੁੱਖ ਚੈਨ ਸਿੰਘ ਆਈਡੀ ਨੰਬਰ 143 ਨੂੰ ਜਰਨਲ ਕਾਸਟ ਦੀ ਜਗ੍ਹਾ ਐਸੀ ਦੱਸਦਿਆਂ ਮਿਲੀ ਭੁਗਤ ਨਾਲ ਜੋਬ ਕਾਰਡ ਬਣਵਾ ਕੇ ਲਾਹਾ ਲਿਆ ਜਾ ਰਿਹਾ ਹੈ ਇੱਥੇ ਹੀ ਬੱਸ ਨਹੀਂ ਪਿੰਡ ਦੇ ਅਸਰ ਰਸੂਖ ਵਾਲੇ ਕੁਝ ਜਿਮੀਦਾਰ ਪਰਿਵਾਰਾਂ ਦੇ ਬੱਚੇ ਕਨੇਡਾ ਆਸਟਰੇਲੀਆ ਵਿਦੇਸ਼ ਵਿੱਚ ਕੰਮ ਕਾਰ ਕਰ ਰਹੇ ਹਨ ਰਿਕਾਰਡ ਦੀ ਪੁਸ਼ਟੀ ਕਰਦਿਆ ਵਿਦੇਸ਼ ਨਾਲ ਸਬੰਧ ਰੱਖਣ ਵਾਲੇ ਪ੍ਰਤਾਪ ਸਿੰਘ ਪੁੱਤਰ ਅਰਜਨ ਸਿੰਘ ਆਈਡੀ ਨੰਬਰ 145 ਨੰਬਰਦਾਰ ਗੁਰਮੀਤ ਸਿੰਘ ਪੁੱਤਰ ਅਰਜਨ ਸਿੰਘ ਆਈਡੀ 146 ਜਸਬੀਰ ਸਿੰਘ ਪੁੱਤਰ ਅਰਜਨ ਸਿੰਘ ਦੇ ਰਿਕਾਰਡ ਅਨੁਸਾਰ ਆਈ ਕਾਰਡ ਖੰਗਾਲੇ ਗਏ ਹਨ ਉਹਨਾਂ ਦਾ ਰਿਕਾਰਡ ਉਹਨਾਂ ਕੋਲ ਮੌਜੂਦ ਹੈ ਆਈ ਕਾਰਡ 148 ਮੈਂਬਰ ਪੰਚਾਇਤ ਗ੍ਰੰਥੀ ਸਿੰਘ ਰਾਜਪਾਲ ਸਿੰਘ ਹਮੇਸ਼ਾ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਵਿੱਚ ਲੱਗਾ ਰਹਿੰਦਾ ਤੇ ਪਿੰਡ ਵਿੱਚ ਨਰੇਗਾ ਤਹਿਤ ਦਿਹਾੜੀਆਂ ਲਗਾਉਣ ਵੇਲੇ ਅੱਜ ਤੱਕ ਨਹੀਂ ਵੇਖਿਆ ਗਿਆ ਪੰਚ ਸਵਿੰਦਰ ਸਿੰਘ ਪੁੱਤਰ ਤਾਰਾ ਸਿੰਘ ਸਮੇਤ ਕਈਆਂ ਦੇ ਹੋਰ ਝੂਠੇ ਜੋਬ ਕਾਰਡ ਬਣਵਾ ਕੇ ਸਰਕਾਰ ਨੂੰ ਚੂਨਾ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਸ਼ਿਕਾਇਤ ਕਰਤਾ ਵੱਲੋਂ ਅਸਿਸਟੈਂਟ ਡਿਪਟੀ ਕਮਿਸ਼ਨਰ

ਬਲਾਕ ਅਫਸਰ ਚੁਗਾਵਾਂ ਮੈਡਮ ਜਸਬੀਰ ਕੌਰ ਨਾਲ ਇਸ ਸ਼ਿਕਾਇਤ ਪ੍ਰਤੀ ਗੱਲਬਾਤ ਕੀਤੀ ਉਹਨਾਂ ਕਿਹਾ ਕਿ ਜਲਦ ਉਹ ਪੜਤਾਲ ਕਰਵਾ ਕੇ ਬਣਦੀ ਕਾਰਵਾਈ ਕਰਨਗੇ

ਅੰਮ੍ਰਿਤਸਰ ਬਲਾਕ ਵਿਕਾਸ ਅਫਸਰ ਚੁਗਾਵਾਂ ਨੂੰ ਲਿਖਤ ਰੂਪ ਵਿੱਚ ਸ਼ਿਕਾਇਤ ਵੀ ਦਿੱਤੀ ਗਈ ਹੈ ਕਿ ਪੜਤਾਲ ਕਰਨ ਉਪਰੰਤ ਜਿੱਥੇ ਇਹਨਾਂ ਜੋਬ ਕਾਰਡਾਂ ਵਿੱਚ ਪ੍ਰਸ਼ਾਸਨ ਨੂੰ ਗੁਮਰਾਹ ਕਰਦਿਆਂ ਸਰਪੰਚ ਵੱਲੋਂ ਪੈਸੇ ਖਾਧੇ ਜਾ ਰਹੇ ਹਨ ਉਸ ਦੀ ਪੜਤਾਲ ਕਰਵਾ ਕੇ ਬਣਦਾ ਇਨਸਾਫ ਦਵਾਇਆ ਜਾਵੇ


ਸਰਪੰਚ ਗੁਰਮੁਖ ਸਿੰਘ ਕਲੇਰ ਨਾਲ ਇਸ ਪ੍ਰਤੀ ਪੱਖ ਜਾਣਨ ਦੀ ਕੋਸ਼ਿਸ਼ ਕੀਤੀ ਉਹਨਾਂ ਕਿਹਾ ਕਿ ਜਿੱਥੇ ਮੇਰੇ ਬੇਟੇ ਦੇ ਆਈ ਕਾਰਡ ਵਿੱਚ ਕੈਟਾਗਰੀ ਐਸੀ ਲਿਖੀ ਗਈ ਹੈ ਉਹ ਵਿਭਾਗ ਦੀ ਗਲਤੀ ਹੋ ਸਕਦੀ ਹੈ ਉਸ ਨੂੰ ਦਰੁਸਤ ਕਰਵਾਉਣਗੇ ਨਰੇਗਾ ਮਜ਼ਦੂਰਾਂ ਦੇ ਪੈਸਿਆਂ ਦੇ ਗੱਲ ਬਾਰੇ ਉਹਨਾਂ ਸਪਸ਼ਟ ਕਰਦਿਆਂ ਕਿਹਾ ਕਿ ਜਿਹੜੇ ਵਿਦੇਸ਼ ਪਰਿਵਾਰਾਂ ਨਾਲ ਸੰਬੰਧਿਤ ਹਨ ਉਹਨਾਂ ਦੇ ਖਾਤਿਆਂ ਵਿੱਚ ਉਨਾਂ ਦੇ ਰਸਤੇ ਪੱਕੇ ਕਰਨ ਲਈ ਗਰਾਂਟ ਪਈ ਹੈ ਜਿਸ ਨੂੰ ਕਢਵਾ ਕੇ ਮਜ਼ਦੂਰਾਂ ਨੂੰ ਦੇ ਦਿੱਤੀ ਗਈ ਹੈ ਰਣਜੀਤ ਸਿੰਘ ਖੁਦ ਨਜਾਇਜ਼ ਜਮੀਨ ਤੇ ਕਬਜ਼ਾ ਕਰਕੇ ਬੈਠਾ ਹੋਇਆ ਹੈ ਜਮੀਨ ਛੱਡਣ ਲਈ ਪੰਚਾਇਤ ਵੱਲੋਂ ਸਟੇ ਹਾਸਲ ਕਰਦਿਆਂ ਮਾਨਯੋਗ ਅਦਾਲਤ ਕੇ ਅਧੀਨ ਹੈ ਪ੍ਰਸ਼ਾਸਨ ਨੂੰ ਜਾਣ ਬੁਝ ਗੁਮਰਾਹ ਕਰਨ ਲਈ ਉਹ ਦਰਖਾਸਤਾਂ ਦੇ ਰਿਹਾ ਹੈ

# ਸੰਸਾਰ ਦੀ ਬਚਾਵੀ ਮੁਹਿੰਮ: ਕੁਦਰਤ ਨਾਲ ਪਿਆਰ ਹੀ ਜੀਵਨ ਹੈ

## ਕੁਦਰਤ ਨਾਲ ਪਿਆਰ, ਜਿੰਦਗੀ, ਛੇੜਛਾੜ , ਮੌਤ ਦੀ ਨਿਸ਼ਾਨੀ: ਪੀ. ਸੀ. ਕੁਮਾਰ

**ਫਿਰੋਜ਼ਪੁਰ /ਮਨੋਹਰ ਲਾਲ**

ਮੈਂ, ਭਾਰਤ ਦੇ ਇਕ ਵਫ਼ਾਦਾਰ ਨਾਗਰਿਕ, ਲੋਕ ਸੇਵਕ ਅਤੇ ਮੀਡੀਆ ਅਧਿਕਾਰੀ ਹੋਣ ਦੇ ਨਾਤੇ, ਆਪਣਾ ਇਹ ਫ਼ਰਜ਼ ਸਮਝਦਾ ਹਾਂ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਿਹਤਮੰਦ, ਸਾਫ਼-ਸੁਥਰਾ ਤੇ ਖ਼ੁਸ਼ਹਾਲ ਵਾਤਾਵਰਣ ਛੱਡ ਕੇ ਜਾਈਏ। ਅੱਜ ਦੇ ਸਮੇਂ ਵਿੱਚ ਜਿੱਥੇ ਸਰੀਰਕ ਬਿਮਾਰੀਆਂ, ਮਾਨਸਿਕ ਪਰੇਸ਼ਾਨੀਆਂ ਅਤੇ ਸਮਾਜਿਕ ਕੁਰਿਤੀਆਂ ਵਧ ਰਹੀਆਂ ਹਨ, ਉਨ੍ਹਾਂ ਦੇ ਪਿੱਛੇ ਸਭ ਤੋਂ ਵੱਡਾ ਕਾਰਣ ਕੁਦਰਤ ਨਾਲ ਸਾਡੀ ਬੇਇਨਸਾਫੀ ਅਤੇ ਛੇੜਛਾੜ ਹੈ। ਰੱਬ ਨੇ ਧਰਤੀ, ਜਲ, ਵਾਤਾਵਰਣ, ਬਨਸਪਤੀ ਅਤੇ ਜੀਵ ਜੰਤੂਆਂ ਦੀ ਰਚਨਾ ਇੱਕ



ਸੰਤੁਲਨ ਨਾਲ ਕੀਤੀ ਸੀ। ਪਰ ਅਸੀਂ, ਮਨੁੱਖ ਹੋ ਕੇ, ਆਪਣੇ ਅਹੰਕਾਰ, ਲਾਭ ਅਤੇ ਹਉਮੈ ਦੀ ਰਾਤ ਵਿੱਚ ਇਹ ਸੰਤੁਲਨ ਤੋੜ ਬੈਠੇ ਹਾਂ। ਸਾਡਾ ਇਹ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਧਰਤੀ ਉੱਤੇ ਜੋ ਕੁਝ ਵੀ ਹੈ - ਚਾਹੇ ਜਾਨਦਾਰ ਹੋਣ ਜਾਂ ਬੇਜਾਨ - ਉਹ ਰੱਬ ਦੀ ਦਾਤ ਹੈ। ਸਾਨੂੰ ਇਹ ਸਮਝਣਾ ਹੋਵੇਗਾ ਕਿ "ਮਾਨਸ ਕੀ ਜਾਤ ਸਭੈ ਏਕੋ ਪਹਿਚਾਨ"। ਅਸੀਂ ਸਭ ਇੱਕ ਪਰਮਾਤਮਾ ਦੀ ਰਚਨਾ ਹਾਂ। ਧਰਮ, ਜਾਤ, ਇਲਾਕਾ, ਰੰਗ ਜਾਂ ਭਾਸ਼ਾ - ਇਹ ਸਾਰੀਆਂ ਲਕੀਰਾਂ ਮਨੁੱਖ ਨੇ ਖਿੱਚੀਆਂ ਹਨ। ਪਰ ਰੱਬ ਨੇ ਤਾਂ ਸਾਨੂੰ ਇੱਕੋ ਸਿੱਖਿਆ ਦਿੱਤੀ: "ਨਾਮ ਜਪੋ, ਕਿਰਤ ਕਰੋ, ਵੰਡ ਛਕੋ"। ਅਸੀਂ ਜਦੋਂ ਕੁਦਰਤ ਨਾਲ ਖੇਡ ਕਰਦੇ ਹਾਂ, ਜੰਗਾਂ, ਤਸ਼ੱਦਦ, ਜ਼ੁਲਮ, ਧਾਰਮਿਕ ਵਿਰੋਧ ਅਤੇ ਅਣਮਨੁੱਖੀ ਕਿਰਦਾਰ ਪੈਦਾ ਹੁੰਦੇ ਹਨ। ਪਹਿਲੀ ਤੇ ਦੂਜੀ ਵਿਸ਼ਵ ਜੰਗਾਂ ਦੇ ਨਤੀਜੇ ਅਸੀਂ ਵੇਖ ਚੁੱਕੇ ਹਾਂ। ਹੁਣ ਦੁਨੀਆ ਤੀਜੀ ਜੰਗ ਵੱਲ ਵਧ ਰਹੀ ਹੈ - ਜੋ ਸਿਰਫ ਹਾਨੀਕਾਰਕ ਹੀ ਨਹੀਂ, ਸੰਸਾਰ ਦੇ ਪੂਰਨ ਨਾਸ਼ ਦਾ ਕਾਰਨ ਬਣ ਸਕਦੀ ਹੈ। ਜੇਕਰ ਅਸੀਂ ਸਮੇਂ ਸਿਰ ਸੱਚੇ ਇਨਸਾਨ ਨਾ ਬਣੇ, ਤਾਂ ਕੁਦਰਤ ਆਪ ਹੀ ਆਪਣਾ ਅਵਤਾਰ ਧਾਰਨ ਕਰਕੇ ਇਹ ਸੰਤੁਲਨ ਵਾਪਸ ਲਿਆਉਣੀ ਪਏਗੀ - ਜਿਵੇਂ ਇਤਿਹਾਸ ਵਿੱਚ ਸਤਿਗੁਰਾਂ ਤੇ ਅਵਤਾਰਾਂ ਨੇ ਕੀਤਾ। ਇਸ ਲਈ ਆਓ, ਅਸੀਂ ਇਹ ਸੰਕਲਪ ਕਰੀਏ ਕਿ: ਅਸੀਂ ਕੁਦਰਤ ਦੀਆਂ ਦਾਤਾਂ ਦੀ ਰੱਖਿਆ ਕਰਾਂਗੇ। ਜਾਤ-ਪਾਤ, ਧਰਮ ਅਤੇ ਰੰਗ ਦੇ ਨਾਂ ਉੱਤੇ ਹੋ ਰਹੇ ਵੰਡ ਨੂੰ ਖਤਮ ਕਰਾਂਗੇ। ਸਾਫ ਪਾਣੀ, ਵਾਤਾਵਰਣ ਤੇ ਵਣਸਪਤੀ ਦੀ ਸੰਭਾਲ ਕਰਾਂਗੇ। ਅਸੀਂ ਹਮੇਸ਼ਾ ਲੋਕ-ਹਿੱਤ ਦੇ ਕੰਮ ਕਰਾਂਗੇ।

# ਭੁਪੇਸ਼ ਬਘੇਲ ਨੇ ਕਾਂਗਰਸ ਪਾਰਟੀ ਨੂੰ ਸੂਬੇ 'ਚ ਨਵੀਂ ਤਾਕਤ ਦਿੱਤੀ : ਸੁਰਿੰਦਰ ਸਿੰਘ ਜੌੜਾ

**ਜ਼ੀਰਾ / ਅੰਗਰੇਜ਼ ਬਰਾੜ**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਸੁਰਿੰਦਰ ਸਿੰਘ ਜੌੜਾ ਨੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਸਾਬਕਾ ਮੁੱਖ ਮੰਤਰੀ ਛੱਤੀਸਗੜ੍ਹ ਭੁਪੇਸ਼ ਬਘੇਲ ਦੀ ਅਗਵਾਈ 'ਤੇ ਪੂਰਨ ਸੰਤੁਸ਼ਟੀ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਬਘੇਲ ਦੀ ਰਹਿਨੁਮਾਈ ਹੇਠ ਲੁਧਿਆਣਾ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਕਾਂਗਰਸ ਪਾਰਟੀ ਵੱਡੇ ਮਾਰਜਨ ਨਾਲ ਜਿੱਤ ਹਾਸਲ ਕਰੇਗੀ। ਜੌੜਾ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਜਿੱਤ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਮੁੱਢਲਾ ਪੱਥਰ ਸਾਬਤ ਹੋਵੇਗੀ, ਜਿਸ ਨਾਲ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ ਦਾ ਰਾਹ ਪੱਧਰਾ ਹੋਵੇਗਾ। ਸੁਰਿੰਦਰ ਸਿੰਘ ਜੌੜਾ ਨੇ ਕਿਹਾ ਕਿ ਭੁਪੇਸ਼ ਬਘੇਲ ਨੇ ਪੰਜਾਬ ਕਾਂਗਰਸ ਦੀਆਂ ਟੁਕੜੀਆਂ ਨੂੰ ਇੱਕ ਮੰਚ 'ਤੇ ਲਿਆ ਕੇ ਪਾਰਟੀ ਨੂੰ ਨਵੀਂ ਤਾਕਤ ਅਤੇ ਏਕਤਾ ਪ੍ਰਦਾਨ ਕੀਤੀ ਹੈ। ਉਨ੍ਹਾਂ ਨੇ ਬਘੇਲ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਅਨੁਭਵੀ ਲੀਡਰਸ਼ਿਪ ਅਤੇ ਸੰਗਠਨਾਤਮਕ ਰਣਨੀਤੀਆਂ ਨੇ ਪਾਰਟੀ ਦੇ ਵਰਕਰਾਂ 'ਚ ਨਵਾਂ ਜੋਸ਼ ਭਰਿਆ ਹੈ। ਜੌੜਾ ਨੇ ਜ਼ਿਕਰ ਕੀਤਾ ਕਿ ਬਘੇਲ ਨੇ ਜ਼ਮੀਨੀ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਜ਼ਿਲ੍ਹਾ ਅਤੇ ਬਲਾਕ ਪ੍ਰਧਾਨਾਂ ਨੂੰ ਸਰਗਰਮ ਕੀਤਾ ਹੈ,



ਜਿਸ ਨਾਲ ਬੂਥ ਪੱਧਰ 'ਤੇ ਵੀ ਕਾਂਗਰਸ ਦੀ ਪਕੜ ਮਜ਼ਬੂਤ ਹੋਈ ਹੈ। ਜੌੜਾ ਨੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਨੂੰ ਕਾਂਗਰਸ ਲਈ ਅਹਿਮ ਦੱਸਦਿਆਂ ਕਿਹਾ ਕਿ ਭਾਰਤ ਭੂਸ਼ਣ ਆਸ਼ੂ ਵਰਗੇ ਮਜ਼ਬੂਤ ਉਮੀਦਵਾਰ ਅਤੇ ਉਹ ਬਘੇਲ ਦੀ ਰਣਨੀਤੀ ਦੇ ਸੁਮੇਲ ਨਾਲ ਪਾਰਟੀ ਨੂੰ ਸਫ਼ਲਤਾ ਜ਼ਰੂਰ ਮਿਲੇਗੀ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਲੋਕ 'ਆਪ' ਦੀਆਂ ਖੋਖਲੀਆਂ ਨੀਤੀਆਂ ਅਤੇ ਅਧੂਰੇ ਵਾਅਦਿਆਂ ਤੋਂ ਨਿਰਾਸ਼ ਹੋ ਚੁੱਕੇ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਲੁਧਿਆਣਾ ਦੇ ਵੋਟਰ ਕਾਂਗਰਸ ਦੇ ਹੱਕ ਵਿੱਚ ਇਕਜੁਟਤਾ ਦਿਖਾਉਣਗੇ ਅਤੇ ਆਸ਼ੂ ਨੂੰ ਵਿਧਾਨ ਸਭਾ ਵਿੱਚ ਭੇਜਣਗੇ। ਉਨ੍ਹਾਂ ਨੇ ਭੂਪੇਸ਼ ਬਘੇਲ ਦੀਆਂ ਮੀਟਿੰਗਾਂ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਕਾਂਗਰਸ ਨੂੰ 2027 ਦੀਆਂ ਚੋਣਾਂ ਲਈ ਤਿਆਰ ਕਰਨ ਵਿੱਚ ਬਘੇਲ ਦਾ ਅਨੁਭਵ ਅਹਿਮ ਭੂਮਿਕਾ ਨਿਭਾਏਗਾ। ਜੌੜਾ ਨੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਬਘੇਲ ਅਤੇ ਸੂਬਾ ਲੀਡਰਸ਼ਿਪ ਦੇ ਨਿਰਦੇਸ਼ਾਂ 'ਤੇ ਇਕਜੁਟ ਹੋ ਕੇ ਜ਼ਿਮਨੀ ਚੋਣ ਵਿੱਚ ਜਿੱਤ ਯਕੀਨੀ ਬਣਾਉਣ। ਉਨ੍ਹਾਂ ਨੇ ਕਿਹਾ ਕਿ ਇਹ ਜਿੱਤ ਨਾ ਸਿਰਫ਼ ਲੁਧਿਆਣਾ ਪੱਛਮੀ ਵਿੱਚ ਕਾਂਗਰਸ ਦੀ ਮਜ਼ਬੂਤੀ ਨੂੰ ਦਰਸਾਏਗੀ, ਸਗੋਂ ਪੂਰੇ ਪੰਜਾਬ ਵਿੱਚ ਪਾਰਟੀ ਦੇ ਮੁੜ ਉਭਾਰ ਦੀ ਸ਼ੁਰੂਆਤ ਹੋਵੇਗੀ।

# ਜ਼ਿਲ੍ਹਾ ਪ੍ਰਧਾਨ ਭਾਜਪਾ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਤਰਨਤਾਰਨ ਵਿਖੇ ਵਰਕਸ਼ਾਪ ਆਯੋਜਿਤ

**ਤਰਨਤਾਰਨ/ਰਾਕੇਸ਼ ਨਈਅਰ ਚੋਹਲਾ**

ਦੇਸ਼ ਦੀ ਸੱਤਾ 'ਤੇ ਲਗਾਤਾਰ ਕਾਮਯਾਬ ਤਰੀਕੇ ਨਾਲ ਭਾਰਤੀ ਜਨਤਾ ਪਾਰਟੀ ਦੀ ਸਰਕਾਰ,ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਸੁਚੱਜੇ ਅਤੇ ਸਫਲ ਤਰੀਕੇ ਨਾਲ ਕੀਤੀ ਜਾ ਰਹੀ ਹੈ,ਭਾਰਤੀ ਜਨਤਾ ਪਾਰਟੀ ਵੱਲੋਂ ਦੇਸ਼ ਲਈ ਕੀਤੇ ਬੇਮਿਸਾਲ ਕੰਮਾਂ ਦੀ ਜਾਣਕਾਰੀ ਦੇਸ਼ ਦੇ ਹਰ ਕੋਨੇ ਵਿੱਚ

### ਸੀਨੀਅਰ ਅਧਿਕਾਰੀ ਮਨਜੀਤ ਸਿੰਘ ਰਾਏ ਨੇ ਕੀਤੀ ਵਿਸੇਸ਼ ਤੌਰ 'ਤੇ ਸ਼ਿਰਕਤ

ਪਹੁੰਚਾਉਣ ਲਈ ਭਾਰਤੀ ਜਨਤਾ ਪਾਰਟੀ ਵੱਲੋਂ ਵਿਕਾਸ ਭਾਰਤ ਦਾ ਅੰਮ੍ਰਿਤ ਕਾਲ-ਸੇਵਾ,ਸੁਸਾਸ਼ਨ ਅਤੇ ਗਰੀਬ ਕਲਿਆਣ ਦੇ 11 ਸਾਲ ਪੂਰੇ ਹੋਣ 'ਤੇ ਪੂਰੇ ਦੇਸ਼ ਵਿੱਚ ਵਰਕਸ਼ਾਪ ਆਯੋਜਿਤ ਕੀਤੀ ਜਾ ਰਹੀ ਹੈ।ਭਾਰਤੀ ਜਨਤਾ ਪਾਰਟੀ ਦੇ ਮੁੱਖ ਦਫਤਰ ਤਰਨਤਾਰਨ ਵਿਖੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਆਯੋਜਿਤ ਵਰਕਸ਼ਾਪ ਵਿੱਚ ਜ਼ਿਲ੍ਹੇ ਦੇ ਸਮੂੰਹ ਪ੍ਰਮੁੱਖ ਆਗੂਆਂ ਨੇ ਹਿੱਸਾ ਲਿਆ।ਇਸ ਮੌਕੇ 'ਤੇ ਪਾਰਟੀ ਦੇ ਸੀਨੀਅਰ ਅਧਿਕਾਰੀ ਮਨਜੀਤ ਸਿੰਘ ਰਾਏ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ 'ਤੇ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਭਾਰਤੀ



ਜਨਤਾ ਪਾਰਟੀ ਨੇ ਦੇਸ਼ ਨੂੰ ਦੁਨੀਆ ਦੇ ਨਕਸ਼ੇ 'ਤੇ ਚਮਕਾਇਆ ਹੈ,ਕਿਉਂਕਿ ਦੇਸ਼ ਨੂੰ ਹਰ ਪੱਖ ਤੋਂ ਮਜਬੂਤ ਕਰਨ ਲਈ ਸਾਡੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਬਹੁਤ ਇਮਾਨਦਾਰੀ ਨਾਲ ਸਖਤ ਮਿਹਨਤ ਕਰਕੇ ਸਮੁੱਚੇ ਕੇਂਦਰੀ ਲੀਡਰਸ਼ਿਪ ਨੂੰ ਨਾਲ ਲੈ ਕੇ ਦੇਸ਼ ਦੀ ਕਾਮਯਾਬੀ ਲਈ ਹਰ ਸੰਭਵ ਵੱਡੇ ਕਦਮ ਪੁੱਟੇ ਹਨ,ਜੋ ਦੇਸ਼ ਲਈ ਸਾਰਥਿਕ ਸਾਬਤ ਹੋਏ ਹਨ।ਉਨਾਂ ਕਿਹਾ ਕਿ ਪਾਰਟੀ ਵੱਲੋਂ ਇਸ ਮੁਹਿੰਮ ਨੂੰ ਲੈ ਕੇ ਜੋ ਵੀ ਦਿਸ਼ਾ ਨਿਰਦੇਸ਼ ਮਿਲੇ ਹਨ ਉਸ ਤਹਿਤ ਆਪਾਂ ਸਾਰੇ ਪਹਿਲਾਂ ਦੀ ਤਰਾਂ ਲਗਨ ਮਿਹਨਤ ਨਾਲ ਪੂਰੇ ਜ਼ਿਲ੍ਹਾ ਤਰਨਤਾਰਨ ਦੇ ਅੰਦਰ ਹਰ ਇੱਕ ਪਿੰਡ ਸ਼ਹਿਰ ਕਸਬੇ ਵਿੱਚ ਜਾ ਕੇ ਲੋਕਾਂ ਨੂੰ ਹੋਰ ਜਾਗਰੂਕ ਕਰੀਏ ਕਿ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਨੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਇਤਿਹਾਸਕ ਕੰਮ ਕੀਤੇ ਜਿੰਨਾਂ ਨਾਲ ਅੱਜ ਸਾਡਾ ਦੇਸ਼ ਦੀ ਤਰੱਕੀ ਦਾ ਦੁਨੀਆ ਲੋਹਾ ਮੰਨਦੀ ਹੈ।ਇਸ ਮੌਕੇ 'ਤੇ ਸੀਨੀਅਰ ਅਧਿਕਾਰੀ ਮਨਜੀਤ ਸਿੰਘ ਰਾਏ ਨੇ ਕਿਹਾ ਕਿ ਭਾਰਤ ਦੀ ਤਰੱਕੀ ਸਾਡੀ ਸਾਰਿਆਂ ਦੀ ਆਪਣੀ ਤਰੱਕੀ ਹੈ ਕਿਉਂਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਆਪ ਜਮੀਨੀ ਪੱਧਰ ਤੋਂ ਉੱਪਰ ਉੱਠ ਕੇ ਦੇਸ਼ ਦੇ ਸਿਰਮੌਰ ਸਥਾਨ ਤੇ ਪਹੁੰਚੇ ਹਨ।ਉਨਾਂ ਨੂੰ ਪਤਾ ਹੈ ਕਿ ਕਿਵੇਂ ਗਰੀਬੀ ਨਾਲ ਜੂਝਣਾ ਪੈਂਦਾ ਹੈ,ਇਸੇ ਲਈ ਦੇਸ਼ ਦੇ ਹਰ ਨਾਗਰਿਕ ਦੇ ਕੱਚੇ ਮਕਾਨ ਨੂੰ ਪੱਕਾ ਕਰਨ,ਇਲਾਜ ਲਈ 5 ਲੱਖ ਰੁਪਏ ਦਾ ਸਿਹਤ ਬੀਮਾ ਦੇਣ ਅਤੇ ਕਿਸਾਨ ਮਜਦੂਰ ਵਰਗ ਲਈ ਮਗਨਰੇਗਾ ਵਰਗੀਆਂ ਲਾਹੇਵੰਦ ਸਕੀਮਾਂ ਦੇਣਾ,ਗਰੀਬਾਂ ਨੂੰ ਰਾਸ਼ਨ ਦੇਣਾ ਵਰਗੀਆਂ ਸਹੂਲਤਾਂ ਦੇਣ ਤੋਂ ਇਲਾਵਾ ਸਿੱਖਿਆ,ਸਿਹਤ ਅਤੇ ਸੁਰੱਖਿਆ ਪੱਖੋਂ ਦੇਸ਼ ਨੂੰ ਮਜਬੂਤ ਕਰਨਾ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਰਕੇ ਵਿਖਾਇਆ ਹੈ ਤਾਂ ਹੀ ਦੇਸ਼ ਅੱਜ ਤਰੱਕੀ ਦੀਆਂ ਲੀਹਾਂ ਤੇ ਹੈ। ਇਸ ਲਈ ਵਿਕਸਿਤ ਭਾਰਤ ਦਾ ਅੰਮ੍ਰਿਤ ਕਾਲ ਪ੍ਰੋਗਾਰਮਾਂ ਤਹਿਤ ਲੋਕਾਂ ਵਿੱਚ ਜਾ ਕੇ ਜਾਗਰੁਕ ਕਰਨ ਦੇ ਮੰਤਵ ਨਾਲ ਪਾਰਟੀ ਵੱਲੋਂ ਬਾਖੂਬ ਢੰਗ ਨਾਲ ਕੰਮ ਕੀਤਾ ਜਾ ਰਿਹਾ ਹੈ।ਇਸ ਮੌਕੇ 'ਤੇ ਜ਼ਿਲ੍ਹਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ,ਮਹਾਂ ਮੰਤਰੀ ਸ਼ਿਵ ਕੁਮਾਰ ਸੋਨੀ,ਮਹਾਂ ਮੰਤਰੀ ਸੁਰਜੀਤ ਸਿੰਘ ਸਾਗਰ,ਮੀਤ ਪ੍ਰਧਾਨ ਐਡਵੋਕੇਟ ਸਤਨਾਮ ਸਿੰਘ ਭੁੱਲਰ,ਮੀਤ ਪ੍ਰਧਾਨ ਐਡਵੋਕੇਟ ਜਸਕਰਨ ਸਿੰਘ ਗਿੱਲ,ਮੀਤ ਪ੍ਰਧਾਨ ਰਿਤੇਸ਼ ਚੋਪੜਾ,ਸੀਨੀਅਰ ਆਗੂ ਦਲਬੀਰ ਸਿੰਘ ਅਲਗੋਂ,ਕਿਸਾਨ ਮੋਰਚਾ ਪ੍ਰਧਾਨ ਡਾ. ਅਵਤਾਰ ਸਿੰਘ ਵੇਈਂਪੂਈ,ਐਸਸੀ ਮੋਰਚਾ ਪ੍ਰਧਾਨ ਅਵਤਾਰ ਸਿੰਘ ਬੰਟੀ,ਯੁਵਾ ਮੋਰਚਾ ਪ੍ਰਧਾਨ ਦਿਨੇਸ਼ ਜੋਸ਼ੀ, ਸੀਨੀਅਰ ਆਗੂ ਪਵਨ ਕੁੰਦਰਾ,ਸੀਨੀਅਰ ਆਗੂ ਪਵਨ ਦੇਵਗਨ, ਜ਼ਿਲ੍ਹਾ ਸਕੱਤਰ ਸਵਿੰਦਰ ਸਿੰਘ ਪੰਨੂ,ਸਕੱਤਰ ਹਰਮਨਜੀਤ ਸਿੰਘ ਕੱਲਾ,ਸਰਕਲ ਪ੍ਰਧਾਨ ਸ਼ਹਿਰੀ ਰੋਹਿਤ ਸ਼ਰਮਾ,ਸਰਕਲ ਪ੍ਰਧਾਨ ਭੋਲਾ ਸਿੰਘ ਰਾਣਾ ਗੰਡੀਵਿੰਡ,ਸਰਕਲ ਪ੍ਰਧਾਨ ਦਿਲਬਾਗ ਸਿੰਘ,ਸਰਕਲ ਪ੍ਰਧਾਨ ਜਥੇਦਾਰ ਖੁਸ਼ਪਿੰਦਰ ਸਿੰਘ,ਸਰਕਲ ਪ੍ਰਧਾਨ ਮੇਹਰ ਸਿੰਘ ਬਾਣੀਆ,ਸਰਕਲ ਪ੍ਰਧਾਨ ਸੁਖਵਿੰਦਰ ਸਿੰਘ ਜੀਓਬਾਲਾ, ਸਰਕਲ ਪ੍ਰਧਾਨ ਕੁਲਦੀਪ ਸਿੰਘ ਮੱਲਮੋਹਰੀ,ਸਰਕਲ ਪ੍ਰਧਾਨ ਨਰਿੰਦਰ ਸਿੰਘ,ਸਰਕਲ ਪ੍ਰਧਾਨ ਗੌਰਵ ਦੇਵਗਨ,ਸਰਕਲ ਪ੍ਰਧਾਨ ਵਿਜੇ ਵਿਨਾਇਕ,ਸਰਕਲ ਪ੍ਰਧਾਨ ਕਾਰਜ ਸਿੰਘ ਸ਼ਾਹ,ਸਰਕਲ ਪ੍ਰਧਾਨ ਵਰਿੰਦਰ ਸੋਨੀ,ਸਰਕਲ ਪ੍ਰਧਾਨ ਜਸਬੀਰ ਸਿੰਘ, ਮਹਿਲਾ ਮੋਰਚਾ ਸੂਬਾ ਆਗੂ ਅਨੀਤਾ ਵਰਮਾ,ਸਰਕਲ ਮੋਰਚਾ ਪ੍ਰਧਾਨ ਲਖਵਿੰਦਰ ਸਿੰਘ ਖਡੂਰ ਸਾਹਿਬ,ਯੁਵਾ ਮੋਰਚਾ ਜਨਰਲ ਸਕੱਤਰ ਅਮਨ ਅਰੋੜਾ,ਪਰਮਜੀਤ ਸਿੰਘ ਮਾਨ, ਬਲਜਿੰਦਰ ਸਿੰਘ ਚੀਮਾ,ਸਵਿੰਦਰ ਸਿੰਘ ਚੀਮਾ,ਨਿਸ਼ਾਨ ਸਿੰਘ ਢਾਬੇ ਵਾਲੇ,ਪੰਡਿਤ ਮਾਲੀ ਰਾਮ, ਮਨੀ ਤਰਨਤਾਰਨ,ਪ੍ਰਵੀਨ ਕੌਰ,ਰਾਮੇਸ਼ ਕਲਸੀ, ਪਰਮਜੀਤ ਸਿੰਘ ਤਰਨਤਾਰਨ, ਜਸਵਿੰਦਰ ਸਿੰਘ, ਕੈਪਟਨ ਪੂਰਨ ਸਿੰਘ,ਨੰਬਰਦਾਰ ਜਸਵੰਤ ਸਿੰਘ ਤੋਂ ਇਲਾਵਾ ਜਿਲਾ ਤਰਨਤਾਰਨ ਦੇ ਪ੍ਰਮੁੱਖ ਪਾਰਟੀ ਆਗੂ ਮੌਜੂਦ ਸਨ।

# ਸਾਰਿਆਂ ਦੇ ਦੁੱਖ-ਸੁੱਖ ਵਿੱਚ ਸ਼ਾਮਿਲ ਹੋਣ ਵਾਲੇ ਖੁਸ਼ਦਿਲ ਅਤੇ ਹਿੰਮਤੀ ਔਰਤ ਸਨ -ਸਵ.ਦਵਿੰਦਰ ਕੌਰ ਸੰਧੂ

**ਅੰਮ੍ਰਿਤਸਰ**

ਸਵ. ਸਰਦਾਰਨੀ ਦਵਿੰਦਰ ਕੌਰ ਸੰਧੂ (ਮਾਲਕ ਸੂਰਜ ਚੰਦਾ ਤਾਰਾ ਸਿਨੇਮਾ) ਜਿੰਨਾ ਦਾ ਪਿਛਲੇ ਦਿਨੀ ਦੇਹਾਂਤ ਹੋ ਗਿਆ ਸੀ ਦਾ ਜਨਮ ਮੋਗਾ ਦੇ ਲੈਂਡ ਲਾਰਡ ਪਰਿਵਾਰ ਪਿਤਾ ਉਜਾਗਰ ਸਿੰਘ ਗਿੱਲ ਅਤੇ ਮਾਤਾ ਭਗਵਾਨ ਕੌਰ ਦੇ ਗ੍ਰਹਿ ਵਿਖੇ 27 ਅਕਤੂਬਰ 1937 ਵਿੱਚ ਹੋਇਆ।ਸਰਦਾਰਨੀ ਦਵਿੰਦਰ ਕੌਰ ਸੰਧੂ ਇੱਕ ਨੇਕ ਦਿਲ ਪਰਮਾਤਮਾ ਨੂੰ ਮੰਨਣ ਵਾਲੇ ਹਰ ਇੱਕ ਨੂੰ ਪਿਆਰ ਕਰਨ ਵਾਲੇ, ਹਰ ਇੱਕ ਦੇ ਦੁੱਖ ਸੁੱਖ ਵਿੱਚ ਸ਼ਾਮਿਲ ਹੋਣ ਵਾਲੇ ਖੁਸ਼ਦਿਲ ਅਤੇ ਬਹੁਤ ਹਿੰਮਤੀ



ਔਰਤ ਸਨ,ਉਹਨਾਂ ਦੇ ਦਰ ਤੇ ਆਇਆ ਕੋਈ ਖਾਲੀ ਨਹੀਂ ਗਿਆ ਸੀ ਉਹ ਹਮੇਸ਼ਾ ਲੋੜਵੰਦਾਂ ਅਤੇ ਗਰੀਬਾਂ ਦੀ ਮਦਦ ਕਰਦੇ ਸਨ ਅਤੇ ਧਾਰਮਿਕ ਕਾਰਜਾਂ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਸਨ। ਉਹਨਾਂ ਦਾ ਵਿਆਹ 1962 ਵਿੱਚ ਅੰਮ੍ਰਿਤਸਰ ਦੇ ਉੱਘੇ ਟਰਾਂਸਪੋਰਟਰ ਸਰਦਾਰ ਹਰਦੀਪ ਸਿੰਘ ਸੰਧੂ ਨਾਲ ਹੋਇਆ। ਫਿਰ ਅੰਮ੍ਰਿਤਸਰ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਸਾਬਿਤ ਹੋਇਆ ਸੂਰਜ ਚੰਦਾ ਤਾਰਾ ਸਿਨੇਮਾ ਦੀ ਸ਼ੁਰੂਆਤ ਹੋਈ ਜਿਸ ਵਿੱਚ ਇਹਨਾਂ ਨੇ ਆਪਣੇ ਪਤੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤਾ।ਇਹ ਉਨਾਂ ਦੀਆਂ ਦਿੱਤੀਆਂ ਹੋਈਆਂ ਸਿੱਖਿਆਵਾਂ ਦਾ ਹੀ ਅਸਰ ਹੈ ਕਿ ਅੱਜ ਉਹਨਾਂ ਦੇ ਬੱਚੇ ਸੰਦੀਪ ਸਿੰਘ ਬਾਵਾ ਸੰਧੂ (ਸਾਬਕਾ ਓ.ਐਸ.ਡੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ), ਬੀਬਾ ਨਵਦੀਪ ਕੌਰ ਸਿੱਬਿਆ, ਮਨਦੀਪ ਕੌਰ ਯੂ.ਐੱਸ.ਏ ਅਤੇ ਰਣਦੀਪ ਸਿੰਘ ਰਾਣਾ ਸੰਧੂ ਸਮਾਜ ਵਿੱਚ ਵੱਡਾ ਨਾਮ ਕਮਾ ਰਹੇ ਹਨ ਅਤੇ ਸਮਾਜ ਸੇਵੀ ਕਾਰਜਾਂ ਵਿੱਚ ਅੱਗੇ ਵੱਧ ਕੇ ਯੋਗਦਾਨ ਪਾਉਂਦੇ ਹਨ। ਸਵ. ਸਰਦਾਰਨੀ ਦਵਿੰਦਰ ਕੌਰ ਸੰਧੂ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 9 ਜੂਨ ਦਿਨ ਸੋਮਵਾਰ ਨੂੰ 12:30 ਤੋਂ 1:30 ਵਜੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਏ- ਬਲਾਕ ਰਣਜੀਤ ਐਵਿਨਿਊ ਅੰਮ੍ਰਿਤਸਰ ਵਿਖੇ ਹੋਵੇਗਾ ਜਿੱਥੇ ਵੱਖ ਵੱਖ ਰਾਜਨੀਤਿਕ ,ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦੇ ਨੁੰਮਾਇਦੇ ਅਤੇ ਹੋਰ ਪ੍ਰਮੁੱਖ ਸਖ਼ਸ਼ੀਅਤਾਂ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵੱਲੋਂ ਫਿਲੌਰ ਦੇ ਪਿੰਡ ਨੰਗਲ ਗੇਟ ਦਾ ਦੌਰਾ 10 ਨੂੰ

**ਜਲੰਧਰ**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਜਸਵੀਰ ਸਿੰਘ ਗੜ੍ਹੀ 10 ਜੂਨ 2025 ਨੂੰ ਸਵੇਰੇ 10 ਵਜੇ ਸਬ ਡਵੀਜ਼ਨ ਫਿਲੌਰ ਅਧੀਨ ਪੈਂਦੇ ਪਿੰਡ ਨੰਗਲ ਗੇਟ (ਮੇਨ ਰੋਡ, ਨੇੜੇ ਸਰਕਾਰੀ ਸਕੂਲ) ਦਾ ਦੌਰਾ ਕਰ ਰਹੇ ਹਨ।

ਇਸ ਦੌਰੇ ਦੌਰਾਨ ਚੇਅਰਮੈਨ ਵੱਲੋਂ ਬੀਤੇ ਦਿਨੀਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨਾਲ ਹੋਈ ਛੇੜਛਾੜ ਦੀ ਘਟਨਾ ਦਾ ਜਾਇਜ਼ਾ ਲਿਆ ਜਾਵੇਗਾ।

# ਵਿਸ਼ਵ ਭਾਈ ਮਰਦਾਨਾ ਸੋਸਾਇਟੀ ਵਲੋ ਸ: ਰਤਿੰਦਰ ਸਿੰਘ ਸਾਈਆਂ ਵਾਲਾ ਜੀ ਦੇ ਦਿਹਾਂਤ ਤੇ ਦੁੱਖ ਦਾ ਪ੍ਰਗਟਾਵਾ

**ਫਿਰੋਜ਼ਪੁਰ /ਮਨੋਹਰ ਲਾਲ**

ਵਿਸ਼ਵ ਭਾਈ ਮਰਦਾਨਾ ਸੋਸਾਇਟੀ ਵਲੋ ਸ: ਰਤਿੰਦਰ ਸਿੰਘ ਸਾਈਆਂ ਵਾਲਾ ਜੀ ਦੇ ਦਿਹਾਂਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸੋਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਸਵ. ਸਰਦਾਰ ਹਰਪਾਲ ਸਿੰਘ ਭੁੱਲਰ ਦਾ ਸਾਂਈਆ ਵਾਲ ਪਰਿਵਾਰ ਨਾਲ 40 ਸਾਲ ਤੋ ਵੀ ਪਹਿਲਾ ਦਾ ਪਿਆਰ ਹੈ । ਕੋਈ ਗਰੀਬ ਜਾਂ ਲੋੜਵੰਧ ਇਹਨਾ ਕੋਲ ਆ ਜਾਵੇ ਕਦੇ ਨਾਂਹ ਨਹੀ ਕੀਤੀ ਸੀ। ਹਮੇਸ਼ਾ ਸਭ ਦਾ ਭਲਾ



ਅਤੇ ਅਤੇ ਮਦਦ ਹੀ ਕੀਤੀ। ਮੇਰੇ ਨਾਲ ਬਹੁਤ ਹੀ ਵਿਸਥਾਰ ਨਾਲ ਗਲਾਂ ਕਰਦੇ ਸਨ ਅਤੇ ਕਹਿੰਦੇ ਸਨ ਕਿ ਭੁੱਲਰ ਸਾਹਿਬ ਦਾ ਨਾਮ ਹੋਰ ਰੋਸ਼ਨ ਕਰਣਾ ਹੈ। ਜਿੰਨੀ ਮਿਹਨਤ ਕਰਣੀ ਪਵੇ ਕਰੋ, ਅਪਣੇ ਕੰਮ ਕਰੋ, ਕੰ ਕਰਕੇ ਦਿਖਾਓ। ਅਸੀ ਉਹਨਾ ਨੂੰ ਸੱਚੀ ਸ਼ਰਧਾਜਲੀ ਦਿੰਦੇ ਹਾਂ, ਉਹਨਾ ਦੇ ਨਾਮ ਉਪਰ ਹਰ ਸਾਲ ਕਿਸੇ ਵਿਸੇਸ਼ ਸਖਸ਼ੀਅਤ ਨੂੰ ਸਨਮਾਨਿਤ ਕੀਆ ਜਾਵੇਗਾ। ਅੱਜ ਸਸਕਾਰ ਉਪਰ ਉਹਨਾ ਦੇ ਪੁੱਤਰ ਅਸੀਸਪ੍ਰੀਤ ਸਿੰਘ ਸਾਈਆਂ ਵਾਲਾ ਅਤੇ ਜਸਟਿਸ ਐਸ ਐਸ ਸਾਰੋਂ ਸਾਹਿਬ (ਪੰਜਾਬ ਹਰਿਆਣਾ ਹਾਈ ਕੋਰਟ) ਨਾਲ ਅਫਸੋਸ ਪ੍ਰਗਟ ਕੀਤਾ। ਵਾਹਿਗੁਰੂ ਪਰਿਵਾਰ ਨੂੰ ਭਾਨਾ ਮੰਨਣ ਦਾ ਬਲ ਬਖਸ਼ੇ। ਬਹੁਤ ਹੀ ਮਿਹਨਤੀ ਅਤੇ ਮਿਲਨਸਾਰ ਇਨਸਾਨ ਸਨ। ਇਸ ਮੋਕੇ ਹਰਜੀਤ ਸਿੰਘ ਧਾਲੀਵਾਲ, ਦਰਸ਼ਨ ਲਾਲ ਹੀਰਾ, ਇੰਦਰਪਾਲ ਸਿੰਘ ਪ੍ਰਿੰਸ, ਰਾਜੇਸ਼ ਕੁਮਾਰ, ਬਲਜਿੰਦਰ ਬੱਬੂ ਹੁਸੇਨੀਵਾਲਾ, ਗੁਰਮੀਤ ਸਿੰਘ ਹਸਤੀਵਾਲਾ, ਹਰਦੀਪ ਸਿੰਘ ਰੱਜੀਵਾਲਾ ਮੋਜੂਦ ਸਨ।

# ਆਸ਼ੂ ਮੋਂਗਾ ਕਤਲ ਮਾਮਲੇ ਵਿਚ ਪੰਜਾਬ ਪੁਲਿਸ ਨੂੰ ਵੱਡੀ ਸਫਲਤਾ

## ਗੈਂਗਸਟਰਾਂ ਨੇ ਪੁਲਿਸ 'ਤੇ ਕੀਤੀ ਫਾਇਰਿੰਗ, ਜਵਾਬੀ ਕਾਰਵਾਈ ਵਿੱਚ ਤਿੰਨ ਜ਼ਖਮੀ

**ਫਿਰੋਜ਼ਪੁਰ /ਮਨੋਹਰ ਲਾਲ**

ਫਿਰੋਜ਼ਪੁਰ ਦੇ ਮਖੂ ਗੇਟ ਇਲਾਕੇ ਵਿੱਚ ਬੀਤੇ ਦਿਨ ਹੋਈ ਗੈਂਗਵਾਰ ਵਿਚ ਆਸ਼ੂ ਮੋਂਗਾ ਨਾਮਕ ਨੌਜਵਾਨ ਦੇ ਕਤਲ ਦੇ ਮਾਮਲੇ ਵਿੱਚ ਪੰਜਾਬ ਪੁਲਿਸ ਅਤੇ ਕਾਊਂਟਰ ਇੰਟੈਲੀਜੈਂਸ ਵਿੰਗ ਫਿਰੋਜ਼ਪੁਰ ਨੇ ਸੰਯੁਕਤ ਆਪ੍ਰੇਸ਼ਨ ਚਲਾ ਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਫਿਰੋਜ਼ਪੁਰ ਰੇਂਜ ਦੇ ਡੀਆਈਜੀ ਹਰਮਨਬੀਰ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਗਿਆ ਹੈ, ਜਦਕਿ ਦੋ ਵਿਅਕਤੀਆਂ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਪੁਲਿਸ ਪਾਰਟੀਆਂ ਨੇ ਫਿਰੋਜ਼ਪੁਰ-ਮੋਗਾ ਰੋਡ 'ਤੇ ਰੱਤਾ ਖੇੜਾ ਨਹਿਰ ਨੇੜੇ ਨਾਕਾਬੰਦੀ ਦੌਰਾਨ ਮੁਲਜ਼ਮਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਮੁਲਜ਼ਮਾਂ ਨੇ ਪੁਲਿਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਵਾਬੀ ਕਾਰਵਾਈ ਵਿਚ ਪੁਲਿਸ ਨੇ ਵੀ ਫਾਇਰਿੰਗ ਕੀਤੀ, ਜਿਸ ਵਿੱਚ ਤਿੰਨ ਮੁਲਜ਼ਮਾਂ ਨੂੰ ਚਾਰ ਗੋਲੀਆਂ ਲੱਗੀਆਂ ਅਤੇ ਉਹ ਜ਼ਖਮੀ ਹੋ ਗਏ। ਡੀਆਈਜੀ ਹਰਮਨਬੀਰ ਸਿੰਘ ਗਿੱਲ ਨੇ ਅੱਗੇ ਦੱਸਿਆ ਕਿ ਜ਼ਖਮੀ ਮੁਲਜ਼ਮਾਂ ਦੀ ਪਛਾਣ ਸੋਨੂ, ਗੁਰਜਿੰਦਰ ਸਿੰਘ ਉਰਫ਼ ਗੌੜਾ ਅਤੇ ਅਮਰਜੀਤ ਸਿੰਘ ਵਜੋਂ ਹੋਈ ਹੈ, ਜੋ ਇਸ ਘਟਨਾ ਵਿੱਚ ਮੁੱਖ ਸ਼ੂਟਰ ਸਨ।



ਪੁਲਿਸ ਨੇ ਇਨ੍ਹਾਂ ਨੂੰ ਕਾਬੂ ਕਰਕੇ ਇਲਾਜ ਲਈ ਫਿਰੋਜ਼ਪੁਰ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਹੈ। ਉਨ੍ਹਾਂ ਕੋਲੋਂ ਘਟਨਾ ਵਿੱਚ ਵਰਤੇ ਗਏ ਚਾਰ ਪਿਸਤੌਲ, ਇੱਕ ਸਫੈਦ ਰੰਗ ਦੀ ਐਕਟਿਵਾ ਸਕੂਟਰੀ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਪੁਲਿਸ ਨੇ ਇਸ ਮਾਮਲੇ ਵਿੱਚ ਦੋਵਾਂ ਧਿਰਾਂ ਖਿਲਾਫ ਵੱਖ-ਵੱਖ ਧਾਰਾਵਾਂ ਅਧੀਨ ਕਰਾਸ ਕੇਸ ਦਰਜ ਕੀਤੇ ਹਨ। ਡੀਆਈਜੀ ਨੇ ਕਿਹਾ ਕਿ ਇਸ ਘਟਨਾ ਨੇ ਫਿਰੋਜ਼ਪੁਰ ਸ਼ਹਿਰ ਵਿੱਚ ਸਨਸਨੀ ਫੈਲਾ ਦਿੱਤੀ ਸੀ, ਜਦੋਂ ਮਖੂ ਗੇਟ ਇਲਾਕੇ ਵਿੱਚ ਆਸ਼ੂ ਮੋਂਗਾ ਨਾਮਕ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ। ਪੁਲਿਸ ਨੇ ਤੁਰੰਤ ਜਾਂਚ ਸ਼ੁਰੂ ਕੀਤੀ ਅਤੇ ਸੂਚਨਾਵਾਂ ਦੇ ਆਧਾਰ 'ਤੇ ਮੁਲਜ਼ਮਾਂ ਦਾ ਪਿੱਛਾ ਕੀਤਾ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਫਿਰੋਜ਼ਪੁਰ-ਮੋਗਾ ਰੋਡ 'ਤੇ ਰੱਤਾ ਖੇੜਾ ਨੇੜੇ ਨਾਕਾਬੰਦੀ ਦੌਰਾਨ ਮੁਲਜ਼ਮਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਨ੍ਹਾਂ ਨੇ ਪੁਲਿਸ 'ਤੇ ਹਮਲਾ ਕਰ ਦਿੱਤਾ। ਜਵਾਬੀ ਫਾਇਰਿੰਗ ਵਿੱਚ ਤਿੰਨ ਮੁਲਜ਼ਮ ਜ਼ਖਮੀ ਹੋਏ, ਜਿਨ੍ਹਾਂ ਨੂੰ ਕਾਬੂ ਕਰ ਲਿਆ ਗਿਆ। ਉਨ੍ਹਾਂ ਨੇ ਅੱਗੇ ਕਿਹਾ ਕਿ ਪੰਜਾਬ ਪੁਲਿਸ ਅਤੇ ਕਾਊਂਟਰ ਇੰਟੈਲੀਜੈਂਸ ਵਿੰਗ ਮਿਲ ਕੇ ਇਸ ਗੈਂਗ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਲਈ ਵਚਨਬੱਧ ਹਨ। ਡੀਆਈਜੀ ਹਰਮਨਬੀਰ ਸਿੰਘ ਗਿੱਲ ਨੇ ਸਪੱਸ਼ਟ ਕੀਤਾ ਕਿ ਇਸ ਮਾਮਲੇ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ ਅਤੇ ਬਾਕੀ ਬਚੀ ਰਿਕਵਰੀ ਵੀ ਜਲਦ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਪੁਲਿਸ ਅਪਰਾਧ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ ਅਤੇ ਇਲਾਕੇ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਇਸ ਆਪ੍ਰੇਸ਼ਨ ਵਿਚ ਫਿਰੋਜ਼ਪੁਰ ਦੇ ਐੱਸਐੱਸਪੀ ਭੁਪਿੰਦਰ ਸਿੰਘ ਅਤੇ ਹੋਰ ਪੁਲਿਸ ਅਧਿਕਾਰੀ ਮੌਕੇ 'ਤੇ ਮੌਜੂਦ ਸਨ।

# ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ

**ਫਿਰੋਜ਼ਪੁਰ /ਮਨੋਹਰ ਲਾਲ**

ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ ਅਤੇ ਸ਼ਾਂਤੀ ਦੇ ਪੁੰਜ ਵਜੋਂ ਜਾਣੇ ਜਾਂਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪ੍ਰਬੰਧਕ ਕਮੇਟੀ ਗੁਰਦੁਆਰਾ ਭਾਈ ਹਾਕਮ ਸਿੰਘ ਮਖੂ ਗੇਟ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪਿਛਲੇ ਮਹੀਨੇ ਦੀ 12 ਤਾਰੀਖ ਤੋਂ ਜੋ ਗੁਰਦੁਆਰਾ ਸਾਹਿਬ ਦੀ ਇਤਸਰੀ ਸਤਿਸੰਗ ਸਭਾ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੀ ਲੜੀ ਆਰੰਭ ਕੀਤੀ ਗਈ ਸੀ ਉਸ ਦੇ ਅੱਜ ਸ਼ਾਮ ਭੋਗ ਪਾਏ ਗਏ। ਭੋਗ ਤੋਂ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਭਾਈ ਰਣਜੀਤ ਸਿੰਘ, ਅਮਨਦੀਪ ਸਿੰਘ ਅਤੇ ਬੀਬੀ ਅਮਰਜੀਤ ਕੌਰ ਦੇ ਜਥਿਆ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਸਾਹਿਬ ਵੱਲੋਂ ਪਾਏ ਪੂਰਨਿਆਂ ਤੇ ਸੰਗਤਾਂ ਨੂੰ ਚੱਲਣ





ਦੀ ਪ੍ਰੇਰਨਾ ਕੀਤੀ। ਆਖਿਰ ਵਿਚ ਇਨ੍ਹਾਂ ਸਮਾਗਮਾਂ ਵਿਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਵੀ ਕੀਤਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਸਮਾਗਮ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਮੁਖਤਿਆਰ ਸਿੰਘ, ਸਰਪ੍ਰਸਤ ਭਾਈ ਜਸਪਾਲ ਸਿੰਘ, ਨਿਰਮਲ ਸਿੰਘ ਦੁਲਚੀਕੇ, ਸੁਰਜੀਤ ਸਿੰਘ, ਸੁਖਬੀਰ ਸਿੰਘ ਸੰਧੂ, ਪ੍ਰਗਟ ਸਿੰਘ, ਅਨੂਪ ਸਿੰਘ, ਅਜਮੇਰ ਸਿੰਘ, ਗੁਰਚਰਨ ਸਿੰਘ ਬਾਵਾ, ਜਸਬੀਰ ਕੌਰ, ਬਲਵਿੰਦਰ ਕੌਰ, ਅਮਨਦੀਪ ਕੌਰ, ਨਰਿੰਦਰ ਕੌਰ, ਸਿਮਰਨਜੀਤ ਕੌਰ, ਰੇਨੂੰ ਧਵਨ, ਗੁਰਮੀਤ ਕੌਰ, ਦਲਜੀਤ ਕੌਰ ਆਦਿ ਹਾਜ਼ਰ ਸਨ।

# ਕਾਮਰੇਡ ਤੱਗੜ,ਕਾਮਰੇਡ ਗੁਰਚੇਤਨ ਬਾਸੀ ਅਤੇ ਬੀਬੀ ਤੱਗੜ ਵਲੋਂ

➢ ਕਾਮਰੇਡ ਸ਼ੁਗਲੀ ਦੇ ਅਚਾਨਕ ਚਲਾਣੇ ਤੇ ਡੂੰਘੇ ਦੁੱਖ ਅਫਸੋਸ ਅਤੇ ਹਮਦਰਦੀ ਦਾ ਪ੍ਰਗਟਾਵਾ

➢ ਇੱਕ ਪੁਰਾਣੀ ਯਾਦਗਾਰੀ ਤਸਵੀਰ ਵੀ ਜਾਰੀ ਕੀਤੀ

**ਜਲੰਧਰ**

ਸੀਪੀਆਈ ( ਐਮ ) ਦੇ ਸੂਬਾ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਕਾਮਰੇਡ ਲਹਿੰਬਰ ਸਿੰਘ ਤੱਗੜ , ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਸਪੁੱਤਰ ਕਾਮਰੇਡ ਗੁਰਚੇਤਨ ਸਿੰਘ ਬਾਸੀ ਅਤੇ ਬੀਬੀ ਗੁਰਪਰਮਜੀਤ ਕੌਰ ਤੱਗੜ ਵਲੋਂ ਨਵਾਂ ਜ਼ਮਾਨਾ ਅਖਬਾਰ ਨੂੰ ਚਲਾਉਣ ਵਾਲੀ ਸੰਸਥਾ ਕਾਮਰੇਡ ਅਰਜਣ ਸਿੰਘ ਗੜਗਜ ਫਾਊਂਡੇਸ਼ਨ ਦੇ ਜਨਰਲ ਸਕੱਤਰ ਅਤੇ ਨਵਾਂ ਜਮਾਨਾ ਦੇ ਪਰਿੰਟਰ ਅਤੇ ਪਬਲਿਸ਼ਰ ਕਾਮਰੇਡ ਗੁਰਮੀਤ ਸਿੰਘ ਸ਼ੁਗਲੀ ਐਡਵੋਕੇਟ ਦੇ ਅਚਾਨਕ ਚਲਾਣੇ ਤੇ ਡੂੰਘੇ ਦੁੱਖ , ਹਮਦਰਦੀ ਅਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ। ਕਾਮਰੇਡ ਤੱਗੜ ਵਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਹੈ ਕਿ ਕਾਮਰੇਡ ਜਗਜੀਤ ਸਿੰਘ ਆਨੰਦ ਦੇ ਸਦੀਵੀ ਵਿਛੋੜੇ ਤੋਂ ਬਾਅਦ ਨਵਾਂ ਜ਼ਮਾਨਾ ਨੂੰ ਚਲਦਾ ਰੱਖਣ ਅਤੇ ਹਰ ਮੁਸ਼ਕਲਾਂ ਚੋਂ ਕੱਢ ਕੇ ਹੋਰ ਅੱਗੇ ਵਧਾਉਣ ਵਿਚ ਕਾਮਰੇਡ ਸ਼ੁਗਲੀ ਨੇ ਅਤਿ ਮਹੱਤਵਪੂਰਨ ਰੋਲ ਅਦਾ ਕੀਤਾ । ਨਵਾਂ



ਜ਼ਮਾਨਾ ਦੀ ਜਿੰਮੇਵਾਰੀ ਸੰਭਾਲਣ ਤੋਂ ਪਹਿਲਾਂ ਉਨ੍ਹਾਂ ਨੇ ਸੀਪੀਆਈ ਅਤੇ ਇਸ ਨਾਲ ਸੰਬੰਧਤ ਜਨਤਕ ਜਥੇਬੰਦੀਆਂ ਵਿਚ ਸਰਗਰਮੀ ਨਾਲ ਕੰਮ ਕੀਤਾ। ਕਾਮਰੇਡ ਸ਼ੁਗਲੀ ਇੱਕ ਨਾਮਵਰ ਵਕੀਲ ਵੀ ਸਨ ਅਤੇ ਕਾਮਰੇਡ ਅਤੇ ਹੋਰ ਲੋੜਵੰਦ ਮਿਹਨਤਕਸ਼ ਲੋਕਾਂ ਦੇ ਕੇਸ ਬੜੀ ਮੇਹਨਤ ਅਤੇ ਦਿਲਚਸਪੀ ਨਾਲ ਲੜਦੇ ਸਨ। ਸੀਪੀਆਈ ਦੇ ਵਫ਼ਾਦਾਰ ਸਿਪਾਹੀ ਹੋਣ ਦੇ ਨਾਲ ਨਾਲ




ਕਾਮਰੇਡਾਂ ਗੁਰਮੀਤ ਸਿੰਘ ਸ਼ੁਗਲੀ ਹੋਰ ਜਮਹੂਰੀਅਤ ਪਸੰਦ ਲੋਕਾਂ ਵਿਚ ਵੀ ਉਹ ਹਰਮਨ ਪਿਆਰੇ ਸਨ। ਕਾਮਰੇਡ ਤੱਗੜ ਨੇ ਯਾਦ ਕੀਤਾ ਕਿ ਉਹ ਪ੍ਰਸਿੱਧ ਕਮਿਊਨਿਸਟ ਆਗੂ ਕਾਮਰੇਡ ਰਤਨ ਸਿੰਘ ਦੌਲੀਕੇ ਦੀ ਯਾਦ ਵਿੱਚ ਇਨਕਲਾਬੀ ਭਾਵਨਾਵਾਂ ਨਾਲ ਭਰਪੂਰ ਅੱਡਾ ਕਠਾਰ ਵਿਖੇ ਯਾਦਗਾਰੀ ਮੇਲਾ ਕਰਵਾਇਆ ਕਰਦੇ ਸਨ। ਕੁਝ ਸਾਲ ਪਹਿਲਾਂ ਉਨ੍ਹਾਂ ਨੇ ਇਸ ਮੇਲੇ ਵਿਚ ਆਉਣ ਅਤੇ ਸੰਬੋਧਨ ਕਰਨ ਲਈ ਮੈਨੂੰ ਵੀ ਵਿਸ਼ੇਸ਼ ਤੌਰ ਤੇ ਸੱਦਾ ਭੇਜਿਆ ਸੀ। ਇਸ ਮੌਕੇ ਤੇ ਮੈਂ ਅਤੇ ਮੇਰੀ ਜੀਵਨਸਾਥੀ ਬੀਬੀ ਗੁਰਪਰਮਜੀਤ ਕੌਰ ਤੱਗੜ , ਕਾਮਰੇਡ ਗੁਰਬਖ਼ਸ਼ ਸਿੰਘ ਸੂਸ ਅਤੇ ਕੁਝ ਹੋਰ ਸਾਥੀਆਂ ਨੇ ਸ਼ਿਰਕਤ ਕੀਤੀ ਸੀ। ਉਸ ਮੌਕੇ ਤੇ ਕਾਮਰੇਡ ਸ਼ੁਗਲੀ ਨੇ ਹੋਰ ਸਾਥੀਆਂ ਦੇ ਨਾਲ ਸਾਨੂੰ ਵੀ ਸਨਮਾਨਿਤ ਕੀਤਾ ਅਤੇ ਕਾਮਰੇਡ ਰਤਨ ਸਿੰਘ ਦੌਲੀਕੇ ਦੀ ਤਸਵੀਰ ਵਾਲੀ ਯਾਦਗਾਰੀ ਟਰਾਫੀ ਭੇਂਟ ਕੀਤੀ। ਕਾਮਰੇਡ ਤੱਗੜ ਨੇ ਦੱਸਿਆ ਕਿ ਕਾਮਰੇਡ ਸ਼ੁਗਲੀ ਵਲੋਂ ਭੇਂਟ ਕੀਤੀ ਗਈ ਉਹ ਟਰਾਫੀ ਅੱਜ ਵੀ ਉਨ੍ਹਾਂ ਨੇ ਸਾਂਭ ਕੇ ਰੱਖੀ ਹੋਈ ਹੈ। ਉਨ੍ਹਾਂ ਨੇ ਇਸ ਮੌਕੇ ਤੇ ਇਸ ਯਾਦਗਾਰੀ ਟਰਾਫੀ ਦੀ ਫੋਟੋ ਵੀ ਪ੍ਰੈਸ ਲਈ ਜਾਰੀ ਕੀਤੀ।

ਅੰਤ ਵਿੱਚ ਕਾਮਰੇਡ ਤੱਗੜ , ਕਾਮਰੇਡ ਗੁਰਚੇਤਨ ਸਿੰਘ ਬਾਸੀ ਅਤੇ ਬੀਬੀ ਗੁਰਪਰਮਜੀਤ ਕੌਰ ਤੱਗੜ ਅਤੇ ਕਾਮਰੇਡ ਗੁਰਚੇਤਨ ਸਿੰਘ ਬਾਸੀ ਨੇ ਕਾਮਰੇਡ ਸ਼ੁਗਲੀ ਦੇ ਪਰਿਵਾਰ ਨਾਲ ਦੁੱਖ , ਹਮਦਰਦੀ ਅਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ।

# 'ਯੁੱਧ ਨਸ਼ਿਆਂ ਵਿਰੁਧ' ਦਾ 98ਵਾਂ ਦਿਨ: 1.3 ਕਿਲੋ ਹੈਰੋਇਨ, 1.5 ਲੱਖ ਰੁਪਏ ਦੀ ਡਰੱਗ ਮਨੀ ਸਮੇਤ 132 ਨਸ਼ਾ ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ**

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁਧ" ਦੇ 98ਵੇਂ ਦਿਨ ਪੰਜਾਬ ਪੁਲਿਸ ਨੇ ਸ਼ਨੀਵਾਰ ਨੂੰ 132 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.3 ਕਿਲੋ ਹੈਰੋਇਨ ਅਤੇ 1.5 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 98 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 16,296 ਹੋ ਗਈ ਹੈ।

ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲਿ ?ਹਆਂ ਵਿੱਚ ਇੱਕੋ ਸਮੇਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ।

ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 96 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 492 ਥਾਵਾਂ 'ਤੇ ਛਾਪੇਮਾਰੀ ਕੀਤੀ , ਇਸ ਦੌਰਾਨ ਰਾਜ ਭਰ ਵਿੱਚ 97 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 528 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕਰਨ ਦੇ ਨਾਲ, ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਅੱਜ 94 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ

# ਸ਼ਾਂਤੀਪੂਰਵਕ ਸੰਪੰਨ ਹੋਇਆ ਸ਼ਹੀਦੀ ਸਮਾਗਮ ਪੰਥ ਦੇ ਵਿਹੜੇ ਵਿੱਚ ਕਈ ਵੱਡੇ ਸਵਾਲ ਛੱਡ ਗਿਆ: ਪ੍ਰੋ. ਸਰਚਾਂਦ ਸਿੰਘ ਖਿਆਲਾ

▲ ਕੀ ਆਪਣੇ ਆਪ ਨੂੰ ਜਥੇਦਾਰ ਮੰਨਣ ਵਾਲਾ ਵਿਅਕਤੀ ਅਰਦਾਸ ਅਤੇ ਸੰਦੇਸ਼ ਵਿੱਚ ਫ਼ਰਕ ਵੀ ਨਹੀਂ ਜਾਣਦਾ ?

▲ ਪੰਥਕ ਸੰਪਰਦਾਵਾਂ ਤੇ ਜਥੇਬੰਦੀਆਂ ਦੀ ਏਕਤਾ ਨੇ ਬਾਦਲਾਂ ਨੂੰ "ਸਾਡੀ ਹੀ ਮਰਜ਼ੀ ਚੱਲੂ" ਦੀ ਧਾਰਨਾ 'ਤੇ ਗ਼ੌਰ ਕਰਨ ਦਾ ਸੰਦੇਸ਼ ਦਿੱਤਾ ਹੈ

**ਅੰਮ੍ਰਿਤਸਰ**

ਸਿੱਖ ਚਿੰਤਕ ਅਤੇ ਭਾਜਪਾ ਦੇ ਸਿੱਖ ਬੁਲਾਰੇ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਭਾਵੇਂ ਜੂਨ 84 ਦੇ ਘੱਲੂਘਾਰਾ ਦੀ ਯਾਦ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਨਾਇਆ ਗਿਆ ਸ਼ਹੀਦੀ ਸਮਾਗਮ ਸ਼ਾਂਤੀਪੂਰਨ ਢੰਗ ਨਾਲ ਪੂਰਾ ਹੋਇਆ ਸੀ, ਪਰ ਇਸ ਨੇ ਪੰਥ ਦੇ ਵਿਹੜੇ ਵਿੱਚ ਵੱਡੇ ਸਵਾਲ ਵੀ ਛੱਡ ਦਿੱਤੇ ਹਨ। ਸਿੱਖ ਕੌਮ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਰੱਦ ਕੀਤੇ ਗਏ ਭਾਈ ਕੁਲਦੀਪ ਸਿੰਘ ਗੜਗੱਜ ਦੇ ਇਸ ਚਲਾਕ ਦਾਅਵੇ ਕਿ ਗੁਰੂ ਜੀ ਨੇ ਸਾਨੂੰ ਸਮੇਂ ਦੀ ਨਾਜ਼ੁਕਤਾ ਨੂੰ ਸਮਝਣ ਦੀ ਬੁੱਧੀ ਦਿੱਤੀ ਹੈ ਤੇ ਮੈਂ ਅਰਦਾਸ ਰਾਹੀਂ ਕੌਮ ਨੂੰ ਸੰਦੇਸ਼ ਦਿੱਤਾ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਨਾ ਤਾਂ ਸਾਨੂੰ ਚਲਾਕ ਬਣਨਾ ਸਿਖਾਇਆ ਹੈ ਅਤੇ ਨਾ ਹੀ ਅਰਦਾਸ ਨੂੰ ਸੰਦੇਸ਼ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਹੈਰਾਨੀ ਹੈ ਕਿ ਜੋ ਵਿਅਕਤੀ ਆਪਣੇ ਆਪ ਨੂੰ ਜਥੇਦਾਰ ਸਮਝਦਾ ਹੈ, ਉਸ ਨੂੰ ਅਰਦਾਸ ਅਤੇ ਸੰਦੇਸ਼ ਵਿੱਚ ਫ਼ਰਕ ਦਾ ਵੀ ਨਹੀਂ ਪਤਾ। ਉਨ੍ਹਾਂ ਕਿਹਾ ਕਿ ਅਰਦਾਸ ਸਤਿਗੁਰੂ ਦੇ ਚਰਨਾਂ ਵਿੱਚ ਕੀਤੀ ਗਈ ਇੱਕ ਨਿਮਰ ਬੇਨਤੀ ਤੇ ਅਰਜੋਈ ਹੈ। ਇਸ ਦੇ ਨਾਲ ਹੀ,ਸੰਦੇਸ਼ ਕੌਮ ਨੂੰ ਸੰਬੋਧਨ ਕਰਕੇ ਭਵਿੱਖ ਦੀਆਂ ਯੋਜਨਾਵਾਂ ਪ੍ਰਤੀ ਦਿੱਤਾ ਗਿਆ ਇੱਕ ਦਿਸ਼ਾ ਨਿਰਦੇਸ਼ ਹੈ। ਜੇਕਰ ਭਾਈ ਗੜਗੱਜ ਦੇ ਦਾਅਵਿਆਂ ਨੂੰ ਸੱਚ ਮੰਨਿਆ ਜਾਵੇ, ਤਾਂ ਇਹ ਕਿਉਂ ਨਾ ਮੰਨਿਆ ਜਾਵੇ ਕਿ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਦਿਸ਼ਾ ਦੇਣ ਦੀ ਹਮਾਕਤ ਕੀਤੀ ਹੈ ? ਪਿਛਲੇ ਸਮੇਂ ਵਿੱਚ ਹੋਏ ਸ਼ਹੀਦੀ ਸਮਾਗਮਾਂ ਵਿੱਚ ਕੀਤੀ ਗਈ ਅਰਦਾਸ ਦੀ ਤਰਜ਼ 'ਤੇ ਇਸ ਵਾਰ ਅਰਦਾਸ ਵਿੱਚ ਕਿਹੜੀ ਨਵੀਂ ਗੱਲ ਕਹੀ ਗਈ ? ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ



ਸ਼ਹੀਦੀ ਸਮਾਗਮ ਦੀ ਸਮਾਪਤੀ ਤੋਂ ਤੁਰੰਤ ਬਾਅਦ, ਤਖ਼ਤ ਸਾਹਿਬ 'ਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਪੰਜ ਪਿਆਰਿਆਂ ਵੱਲੋਂ ਤਨਖ਼ਾਹੀਆ ਕਰਾਰ ਦਿੱਤੇ ਗਏ ਸ਼ਖ਼ਸ ਨੂੰ ਸਿਰੋਪਾਓ ਦੇ ਦਿੱਤਾ ਗਿਆ। ਜਦੋਂ ਕਿ ਰਵਾਇਤ ਅਨੁਸਾਰ, ਤਨਖ਼ਾਹੀਆ ਲਈ ਤਨਖ਼ਾਹ ਲਵਾ ਕੇ ਤਨਖ਼ਾਹ ਪੂਰੀ ਕਰਕੇ ਤਨਖ਼ਾਹ ਤੋਂ ਮੁਕਤ ਨਹੀਂ ਹੋ ਜਾਂਦਾ ਕਿਸੇ ਵੀ ਤਖ਼ਤ ਸਾਹਿਬ 'ਤੇ ਉਸ ਲਈ ਅਰਦਾਸ ਤਕ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਬੇਸ਼ੱਕ ਸ਼੍ਰੋਮਣੀ ਕਮੇਟੀ ਨੂੰ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਅਧਿਕਾਰ ਹੈ, ਪਰ ਇਸ ਗੱਲ ਤੋਂ ਇਨਕਾਰ ਨਹੀਂ ਹੋਇਆ ਜਾ ਸਕਦਾ ਕਿ ਜਥੇਦਾਰਾਂ ਦੀ ਨਿਯੁਕਤੀ ਦਾ ਕਾਰਜ ਵਿਹਾਰ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਾਹਿਬ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸਿੱਖ ਸੰਪਰਦਾਵਾਂ ਤੇ ਜਥੇਬੰਦੀਆਂ ਦੀ ਪ੍ਰਵਾਨਗੀ ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ। ਕੀ ਪੰਥ ਦਾ ਸਰੂਪ ਸਿੱਖ ਸੰਪਰਦਾਵਾਂ, ਨਿਹੰਗ ਸਿੰਘ ਸੰਗਠਨਾਂ ਅਤੇ ਸਿੱਖ ਸਭਾ ਸੁਸਾਇਟੀਆਂ ਦੀ ਸ਼ਮੂਲੀਅਤ ਤੋਂ ਬਿਨਾਂ ਸੰਭਵ ਹੈ ? ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਤਖ਼ਤ ਸਾਹਿਬਾਨ ਦੀ ਵਰਤੋਂ ਇੱਕ ਖ਼ਾਸ ਵਿਅਕਤੀ ਸੁਖਬੀਰ ਸਿੰਘ ਬਾਦਲ ਦੀ ਰਾਜਨੀਤੀ ਨੂੰ ਜ਼ਿੰਦਾ ਰੱਖਣ ਲਈ ਕੀਤੀ ਹੈ। ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦਾ ਕੌਮੀ ਰੁਤਬਾ ਹੈ, ਉਨ੍ਹਾਂ ਦੇ ਅਹੁਦਿਆਂ 'ਤੇ ਉਨ੍ਹਾਂ ਦੀ ਨਿਯੁਕਤੀ ਨੂੰ ਯਕੀਨੀ ਬਣਾਉਣ ਲਈ ਇੱਕ ਵਿਧੀ ਵਿਧਾਨ ਹੈ, ਪਰ ਮੌਜੂਦਾ ਸਮੇਂ ਵਿੱਚ ਜਥੇਦਾਰਾਂ ਦੀ ਨਿਯੁਕਤੀ ਸ਼੍ਰੋਮਣੀ ਕਮੇਟੀ ਦੇ ਮਹਿਜ਼ ਕਰਮਚਾਰੀਆਂ ਦੀ ਤਰਜ਼ 'ਤੇ ਕਰਦਿਆਂ ਸਿੱਖ ਪਰੰਪਰਾ, ਮਰਿਆਦਾ ਅਤੇ ਕੌਮੀ ਰੁਤਬੇ ਨਾਲ ਖਿਲਵਾੜ ਕੀਤਾ ਗਿਆ ਹੈ। ਜਿਸ ਦੇ ਜਵਾਬ ਵਿੱਚ, ਕੱਲ੍ਹ, ਦਮਦਮੀ ਟਕਸਾਲ, ਸੰਤ ਸਮਾਜ ਅਤੇ ਦਲ ਪੰਥ ਨਿਹੰਗ ਸਿੰਘ ਜਥੇਬੰਦੀਆਂ ਸਮੇਤ ਸਾਰੀਆਂ ਸਿੱਖ ਸੰਪਰਦਾਵਾਂ ਅਤੇ ਸੰਸਥਾਵਾਂ ਨੇ ਬਾਦਲ ਦਲ ਵੱਲੋਂ ਦਿੱਤੀ ਗਈ ਇਸ ਚੁਨੌਤੀ ਦਾ ਏਕਤਾ ਨਾਲ ਜਵਾਬ ਦਿੱਤਾ ਅਤੇ ਬਾਦਲਾਂ ਨੂੰ ਸੁਨੇਹਾ ਦਿੱਤਾ ਕਿ ਉਨ੍ਹਾਂ ਦੀ ਪੰਥਕ ਮਾਮਲਿਆਂ 'ਚ ÷ਸਾਡੀ ਹੀ ਮਰਜ਼ੀ ਚੱਲੂ÷ ਦੀ ਧਾਰਨਾ ਹੁਣ ਕੰਮ ਨਹੀਂ ਕਰੇਗਾ। ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਹੁਣ ਪੰਥ ਦੀਆਂ ਸੰਪਰਦਾਵਾਂ ਨੂੰ ਭਰੋਸੇ ਵਿੱਚ ਲਏ ਬਿਨਾਂ ਸੰਭਵ ਨਹੀਂ ਹੈ। ਉਨ੍ਹਾਂ ਜੂਨ 84 ਵਰਗੇ ਮਹਾਨ ਸ਼ਹੀਦੀ ਸਮਾਗਮਾਂ ਵਿੱਚ ਅਕਾਲੀ ਦਲ ਦੇ ਪ੍ਰਧਾਨ ਅਤੇ ਸੀਨੀਅਰ ਲੀਡਰਸ਼ਿਪ ਦੀ ਗ਼ੈਰਹਾਜ਼ਰੀ 'ਤੇ ਵੀ ਸਵਾਲ ਉਠਾਇਆ ਅਤੇ ਕਿਹਾ ਕਿ ਕੀ ਇਸ ਮਹੱਤਵਪੂਰਨ ਦਿਨ ਦੀ ਅਕਾਲੀ ਲੀਡਰਸ਼ਿਪ ਲਈ ਕੋਈ ਮਹੱਤਤਾ ਨਹੀਂ ਹੈ ? ਕੀ ਸ਼ਹੀਦਾਂ ਦੇ ਨਾਮ 'ਤੇ ਸਿਆਸੀ ਰੋਟੀਆਂ ਸੇਕਣਾ ਹੀ ਉਨ੍ਹਾਂ ਦਾ ਇੱਕੋ ਇੱਕ ਏਜੰਡਾ ਬਣ ਗਿਆ ਹੈ ?

# ਮਜ਼ਦੂਰਾਂ ਦਾ ਮਾਨਸਿਕ ਸੋਸ਼ਣ ਕਰਨ ਜਾ ਰਹੀ ਹੈ ਪੰਜਾਬ ਸਰਕਾਰ : ਅਰਵਿੰਦ ਖੰਨਾ

**ਚੰਡੀਗੜ੍ਹ**

ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਸਰਕਾਰ ਦਿਹਾੜੀਦਾਰ ਮਜ਼ਦੂਰਾਂ ਦਾ ਮਾਨਸਿਕ ਸੋਸ਼ਣ ਕਰਨ ਦੀਆਂ ਯੋਜਨਾਵਾਂ 'ਤੇ ਕੰਮ ਕਰ ਰਹੀ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼ ?ਰੀ ਖੰਨਾ ਨੇ ਕਿਹਾ ਕਿ ਮਜ਼ਦੂਰਾਂ ਨੂੰ 12 ਘੰਟੇ ਕੰਮ ਕਰਨ ਦੀ ਹਦਾਇਤ ਦੇਣਾ ਸਰਕਾਰ ਦਾ ਫੈਸਲਾ ਬਹੁਤ ਜ਼ਿਆਦਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਉਦਯੋਗਪਤੀ ਲੋਕਾਂ ਦੀ ਕਠਪੁਤਲੀ ਬਣੀ ਪੰਜਾਬ ਸਰਕਾਰ ਮੁਲਾਜ਼ਮਾਂ ਦਾ ਸੋਸ਼ਣ ਕਰਨ 'ਤੇ ਉੱਤਰ ਆਈ ਹੈ ਉਨ੍ਹਾਂ ਕਿਹਾ ਕਿ 12 ਘੰਟੇ



ਡਿਊਟੀ ਕਰਨ ਉਪਰੰਤ ਵੀ ਉਸਦਾ ਰਿਕਾਰਡ ਨਾ ਰੱਖਣਾ ਗਰੀਬ ਵਰਗ ਲਈ ਸ਼ਰੇਆਮ ਧੱਕਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਸੀ ਕਿ ਮਜ਼ਦੂਰੀ ਵਿੱਚ ਵਾਧਾ ਕੀਤਾ ਜਾਵੇ ਪਰ ਇੰਨ੍ਹਾਂ ਨੇ ਉਸ ਦੀ 8 ਘੰਟੇ ਵਾਲੀ ਡਿਊਟੀ 12 ਘੰਟੇ ਦੀ ਕਰ ਦਿੱਤੀ। ਉਨ੍ਹਾਂ ਕਿਹਾ ਕਿ ਸੰਵਿਧਾਨਿਕ ਸ਼ਰਤਾਂ ਮੁਤਾਬਿਕ ਕਿਸੇ ਵੀ ਮਜ਼ਦੂਰ ਤੋਂ 8 ਘੰਟੇ ਤੋਂ ਵੱਧ ਸਮੇਂ ਲਈ ਮਜ਼ਦੂਰੀ ਨਹੀਂ ਕਰਵਾਈ ਜਾ ਸਕਦੀ ਪਰ ਇਹ ਸਰਕਾਰ, ਜੋ ਖੁਦ ਨੂੰ ਆਮ ਆਦਮੀ ਦੀ ਸਰਕਾਰ ਐਲਾਨ ਰਹੀ ਹੈ , ਆਮ ਲੋਕਾਂ ਦੇ ਹਿੱਤਾਂ ਨਾਲ ਹੀ ਖਿਲਵਾੜ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਮਜ਼ਦੂਰ ਜੱਥੇਬੰਦੀਆਂ ਨੇ ਲੰਬੇ ਸੰਘਰਸ਼ ਤੋਂ ਬਾਅਦ 8 ਘੰਟੇ ਡਿਊਟੀ ਦਾ ਹੱਕ ਹਾਸਲ ਕੀਤਾ ਸੀ ਪਰ ਪੰਜਾਬ ਸਰਕਾਰ ਇਸ ਅੰਤਰਰਾਸ਼ਟਰੀ ਫੈਸਲੇ ਤੋਂ ਟਾਲਾ ਵੱਟ ਕੇ ਇਹ ਨਾਦਰਸ਼ਾਹੀ ਫਰਮਾਨ ਜਾਰੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਫੈਸਲੇ ਇਹ ਸਪੱਸ਼ਟ ਕਰਦੇ ਹਨ ਕਿ ਇਹ ਕੋਈ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ ਹੈ ਬਲਕਿ ਉਦਯੋਗਪਤੀ ਅਤੇ ਧਨਾਡਾਂ ਦੇ ਹੱਥ ਵਿੱਚ ਖੇਡ ਰਹੀ ਖਾਸ ਸਰਕਾਰ ਹੈ। ਜਿਸ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਸਬਕ ਸਿਖਾਉਣ ਲਈ ਤਿਆਰ ਬੈਠੇ ਹਨ। ਉਨ੍ਹਾਂ ਕਿਹਾ ਕਿ ਆਪਣੀਆਂ ਵਿਅੰਗਾਤਮਿਕ ਟਿੱਪਣੀਆਂ ਰਾਹੀਂ ਸਰਕਾਰਾਂ 'ਤੇ ਟਿੱਪਣੀ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੀ ਵੀ ਪੀੜ੍ਹੀ ਥੱਲੇ ਸੋਟਾ ਫੇਰਨਾ ਚਾਹੀਦਾ ਹੈ।

# ਭਾਰਤ ਵਿਕਾਸ ਪਰਿਸ਼ਦ ਵਿਵੇਕਾਨੰਦ ਵੱਲੋਂ ਗ੍ਰੀਨ ਐਸਟੇਟ ਵਿਖੇ ਲਗਾਈ ਪੁਰਾਣੀ ਕਰੰਸੀ ਦੀ ਪ੍ਰਦਰਸ਼ਨੀ

## ਮਾਧਵ ਕੋਲ 100 ਤੋਂ ਵੱਧ ਦੇਸ਼ਾਂ ਦੀ ਕਰੰਸੀ ਦਾ ਸੰਗ੍ਰਹਿ



**ਡੇਰਾਬੱਸੀ/ ਅਸ਼ੋਕ ਜੋਸ਼ੀ**

ਡੇਰਾਬੱਸੀ ਵਿਖੇ ਭਾਰਤ ਵਿਕਾਸ ਪਰਿਸ਼ਦ ਵਿਵੇਕਾਨੰਦ ਸ਼ਾਖਾ ਨੇ ਗ੍ਰੀਨ ਐਸਟੇਟ 'ਚ ਪੁਰਾਣੇ ਨੋਟਾਂ ਅਤੇ ਸਿੱਕਿਆਂ ਦੀ ਪ੍ਰਦਰਸ਼ਨੀ ਲਗਾਈ। ਇਸ ਪ੍ਰਦਰਸ਼ਨੀ ਵਿੱਚ 19 ਸਾਲਾ ਮਾਧਵ ਜਿੰਦਲ ਵੱਲੋਂ ਇਕੱਠੇ ਕੀਤੇ ਲਗਭਗ 100 ਤੋਂ ਵੱਧ ਦੇਸ਼ਾਂ ਦੇ ਨੋਟ ਅਤੇ ਪੁਰਾਣੇ ਸਿੱਕੇ ਦਰਸਾਏ ਗਏ। ਮਾਧਵ ਜਿੰਦਲ ਨੇ 5 ਸਾਲ ਦੀ ਉਮਰ ਤੋਂ ਇਹ ਸ਼ੌਕ ਸ਼ੁਰੂ ਕੀਤਾ ਸੀ। ਪ੍ਰਦਰਸ਼ਨੀ ਵਿੱਚ ਅੰਗਰੇਜ਼ਾਂ ਵੱਲੋਂ ਜਾਰੀ 1818 ਦੇ ਤਾਮੇ ਦੇ ਸਿੱਕੇ ਸਮੇਤ ਭਗਵਾਨ ਸ਼੍ਰੀ ਰਾਮ ਪਰਿਵਾਰ ਦਾ ਸਿੱਕਾ ਅਤੇ ਪੁਰਾਣੇ ਸਮੇਂ ਦਾ ਇੱਕ ਆਣਾ ਵੀ ਸ਼ਾਮਿਲ ਸੀ। ਮਾਧਵ ਨੇ ਦੱਸਿਆ ਕਿ ਉਨ੍ਹਾਂ ਦੇ ਮਾਮਾ ਦੇ ਟੂਰ ਐਂਡ ਟ ?ਰੈਵਲ ਕਾਰੋਬਾਰ ਕਾਰਨ ਉਨ੍ਹਾਂ ਨੂੰ ਵੱਖ-ਵੱਖ ਦੇਸ਼ਾਂ ਦੀ ਕਰੰਸੀ ਇਕੱਠੀ ਕਰਨ ਵਿੱਚ ਮਦਦ ਮਿਲੀ। ਸਿੱਕੇ ਇਕੱਠੇ ਕਰਨ ਵਿੱਚ ਉਨ੍ਹਾਂ ਦੇ ਦਾਦਾ ਸ਼੍ਰੀ ਸੁਖਦੇਵ ਜਿੰਦਲ ਨੇ ਵੀ ਸਹਾਇਤਾ ਕੀਤੀ। ਇਸ ਮੌਕੇ ਤੇ ਭਾਰਤ ਵਿਕਾਸ ਪਰਿਸ਼ਦ ਦੇ ਪ੍ਰਧਾਨ ਬਰਖਾ ਰਾਮ, ਜਨਰਲ ਸਕੱਤਰ ਉਪੇਸ਼ ਬੰਸਲ, ਕੈਸ਼ੀਅਰ ਅਸ਼ਵਨੀ ਸ਼ਰਮਾ, ਮਹਿਲਾ ਪ੍ਰਮੁੱਖ ਸਾਧਨਾ ਸੰਗਰ, ਪਵਨ ਪੰਮਾ, ਨਿਤਿਨ ਜਿੰਦਲ, ਰਿਸ਼ੀ ਜਿੰਦਲ ਆਦਿ ਮੌਜੂਦ ਸਨ।

# ਮਹਿਤਪੁਰ ਪੁਲਿਸ ਵੱਲੋ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਦੌਰਾਨ 30 ਨਸ਼ੀਲੀਆ ਗੋਲੀਆ ਸਮੇਤ

**ਮਹਿਤਪੁਰ**

ਸ੍ਰੀ ਹਰਵਿੰਦਰ ਸਿੰਘ ਵਿਰਕ, ਪੀ.ਪੀ.ਐਸ, ਸੀਨੀਅਰ ਪੁਲਿਸ ਕਪਤਾਨ, ਜਲੰਧਰ ਦਿਹਾਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਤੇ ਪੰਜਾਬ ਸਰਕਾਰ ਅਤੇ ਮਾਣਯੋਗ ਧਘਫ ਸਾਹਿਬ ਦੇ ਏਜੰਡੇ "ਯੁੱਧ ਨਸ਼ਿਆਂ ਵਿਰੁੱਧ"ਤਹਿਤ ਸ਼ ?ਰੀ ਸਰਬਜੀਤ ਰਾਏ, ਫਫਸ਼, ਪੁਲਿਸ ਕਪਤਾਨ (ਤਫਤੀਸ਼) ਜਲੰਧਰ ਦਿਹਾਤੀ ਦੀ ਨਿਗਰਾਨੀ ਹੇਠ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਵਿਸ਼ੇਸ ਮੁਹਿੰਮ ਤਹਿਤ ਇੰਸਪੈਕਟਰ ਬਲਬੀਰ ਸਿੰਘ ਮੁੱਖ ਅਫਸਰ

## 02 ਦੋਸ਼ੀ ਹੈਰੋਇਨ ਦਾ ਸੇਵਨ ਕਰਨ ਵਾਲੇ 02 ਦੋਸ਼ੀ ਗ੍ਰਿਫਤਾਰ

ਥਾਣਾ ਮਹਿਤਪੁਰ ਦੀ ਪੁਲਿਸ ਪਾਰਟੀ ਵੱਲੋਂ ਨਸ਼ੀਲੀਆ ਗੋਲੀਆ ਸਪਲਾਈ ਕਰਨ ਵਾਲੇ 02 ਦੋਸ਼ੀ ਅਤੇ ਹੈਰੋਇਨ ਦਾ ਸੇਵਨ ਕਰਨ ਵਾਲੇ 02 ਦੋਸ਼ੀ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸ਼ ?ਰੀ ਉਕਾਂਰ ਸਿੰਘ ਬਰਾੜ, ਉਪ ਪੁਲਿਸ ਕਪਤਾਨ, ਸਬ ਡਵੀਜਨ ਸ਼ਾਹਕੋਟ ਦੀ ਅਗਵਾਈ ਹੇਠ ਇੰਸਪੈਕਟਰ ਬਲਬੀਰ ਸਿੰਘ ਮੁੱਖ ਅਫਸਰ ਥਾਣਾ ਮਹਿਤਪੁਰ ਦੀ ਟੀਮ ਅਸ਼ੀ ਜਸਪਾਲ ਸਿੰਘ ਸਮੇਤ ਪੁਲਿਸ ਪਾਰਟੀ ਵੱਲੋਂ ਇਲਾਕਾ ਥਾਣਾ ਮਹਿਤਪੁਰ ਦੇ ਵੱਖ-ਵੱਖ ਏਰੀਏ ਵਿੱਚ ਕਾਸੋ ਅਪ੍ਰੇਸ਼ਨ ਕੀਤਾ ਗਿਆ ਹੈ ਨਸ਼ੇ ਦੇ ਖਿਲਾਫ ਸ਼ਪੈਸ਼ਲ ਮੁਹਿੰਮ ਦੌਰਾਨ ਗਸ਼ਤ ਵਾ ਨਾਕਾਬੰਦੀ ਕਰਕੇ ਦੋ ਦੋਸ਼ੀਆ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 30 ਨਸ਼ੀਲੀਆ ਗੋਲੀਆ ਬ੍ਰਾਮਦ ਹੋਣ ਤੇ ਮੁਕੱਦਮਾ ਦਰਜ ਰਜਿਸ਼ਟਰ ਕੀਤਾ ਗਿਆ ਹੈ। ਇਸ ਮੁਕੱਦਮਾਂ ਵਿੱਚ ਦੋਸ਼ੀਆ ਤੋਂ ਹੋਰ ਵੀ ਪੁੱਛ-ਗਿੱਛ ਕੀਤੀ ਜਾ ਰਹੀ ਹੈ ਕਿ ਇਹ ਸਮਾਨ ਕਿਹੜੇ ਸਾਧਨਾਂ ਰਾਂਹੀ ਕਿੱਥੋ ਅਤੇ ਕਿਵੇਂ ਲਿਆਂਦਾ ਗਿਆ ਹੈ। ਉਹਨਾਂ ਨੂੰ ਵੀ ਇਸ ਮੁਕੱਦਮਾਂ ਵਿੱਚ ਨਾਮਜਦ ਕੀਤਾ ਜਾਵੇਗਾ ਅਤੇ ਇਹਨਾਂ ਦੀ ਪ੍ਰਾਪਰਟੀ ਆਦਿ ਵੀ ਤਸਦੀਕ ਕੀਤੀ ਜਾ ਰਹੀ ਹੈ। ਇਸੇ ਤਰਾਂ ਹੀ ਸ਼ੀ ਗੁਰਨਾਮ ਸਿੰਘ ਸਮੇਤ ਪੁਲਿਸ ਪਾਰਟੀ ਵੱਲੋਂ ਇਲਾਕਾ ਥਾਣਾ ਮਹਿਤਪੁਰ ਦੇ ਵੱਖ-ਵੱਖ ਏਰੀਏ ਵਿੱਚ ਕਾਸੋ ਅਪ੍ਰੇਸ਼ਨ ਕੀਤਾ ਗਿਆ ਹੈ ਨਸ਼ੇ ਦੇ ਖਿਲਾਫ ਸ਼ਪੈਸ਼ਲ ਮੁਹਿੰਮ ਦੌਰਾਨ ਗਸ਼ਤ ਵਾ ਨਾਕਾਬੰਦੀ ਕਰਕੇ ਦੋ ਦੋਸ਼ੀਆ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਹੈਰੋਇਨ ਪੀਣ ਦਾ ਸਮਾਨ ਬ੍ਰਾਮਦ ਹੋਣ ਤੇ ਮੁਕੱਦਮਾ ਦਰਜ ਰਜਿਸ਼ਟਰ ਕੀਤਾ ਗਿਆ ਹੈ। ਇਸ ਮੁਕੱਦਮਾਂ ਵਿੱਚ ਦੋਸ਼ੀਆ ਤੋਂ ਹੋਰ ਵੀ ਪੁੱਛ-ਗਿੱਛ ਕੀਤੀ ਜਾ ਰਹੀ ਹੈ ਕਿ ਇਹ ਸਮਾਨ ਕਿਹੜੇ ਸਾਧਨਾਂ ਰਾਂਹੀ ਕਿੱਥੋ ਅਤੇ ਕਿਵੇਂ ਲਿਆਂਦਾ ਗਿਆ ਹੈ। ਉਹਨਾਂ ਨੂੰ ਵੀ ਇਸ ਮੁਕੱਦਮਾਂ ਵਿੱਚ ਨਾਮਜਦ ਕੀਤਾ ਜਾਵੇਗਾ ਅਤੇ ਇਹਨਾਂ ਦੀ ਪ੍ਰਾਪਰਟੀ ਆਦਿ ਵੀ ਤਸਦੀਕ ਕੀਤੀ ਜਾ ਰਹੀ ਹੈ। ਲੋਕਲ ਪੁਲਿਸ ਵੱਲੋ ਮਾੜੇ ਅਨਸਰਾਂ ਖਿਲਾਫ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨਾਲ-ਨਾਲ ਹੀ ਪਬਲਿਕ ਨੂੰ ਨਸ਼ਿਆ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਇਹ ਦੋਸ਼ੀ ਪਿਛਲੇ ਸਮੇਂ ਦੌਰਾਨ ਨਸ਼ੇ ਦੀ ਇਸ ਭਿਆਨਕ ਬਿਮਾਰੀ ਵਿੱਚ ਪੀੜਤ ਰਹਿ ਚੁੱਕੇ ਹਨ, ਉਹਨਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਇਲਾਜ ਕਰਵਾਉਣ ਲਈ ਪ੍ਰੇਰਿਆ ਜਾ ਰਿਹਾ ਹੈ ਤਾਂ ਜੋ ਉਹ ਨਸ਼ੇ ਦੀ ਬਿਮਾਰੀ ਤੋਂ ਮੁੱਕਤ ਹੋ ਕੇ ਆਪਣਾ ਤੰਦਰੁਸਤ ਜੀਵਨ ਜੀ ਸਕਣ। ਜਿਸ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ। ਦਰਜ ਮੁਕ ੱਦਮਾ:- ਮੁਕੱਦਮਾ ਨੰਬਰ 109 ਮਿਤੀ 06.06.2025 ਜੁਰਮ 22-61-85 ਂਧਫਸ਼ ਅਚਟ ਫਸ਼ੰ ਏਹਓਟਪੁਰ

ਗ੍ਰਿਫਤਾਰ ਦੋਸ਼ੀ ਦੇ ਨਾਮ:-

1. ਰਾਹੁਲ ਕੁਮਾਰ ਪੁੱਤਰ ਰਾਜ ਕੁਮਾਰ ਉਰਫ ਰਾਜੂ ਵਾਸੀ ਬੁਲੰਦਾ ਥਾਣਾ ਮਹਿਤਪੁਰ
2. ਜੋਬਨ ਤੇਜੀ ਪੁੱਤਰ ਕੁਲਵੰਤ ਸਿੰਘ ਵਾਸੀ ਓ ਂਧੋਵਾਲ ਥਾਣਾ ਮਹਿਤਪੁਰ

ਬ੍ਰਾਮਦਗੀ :- 30 ਨਸ਼ੀਲੀਆ ਗੋਲੀਆ

ਦਰਜ ਮੁਕ ੱਦਮਾ:- ਮੁਕੱਦਮਾ ਨੰਬਰ 110 ਮਿਤੀ 06.06.2025 ਜੁਰਮ 27-61-85 ਂਧਫਸ਼ ਅਚਟ ਫਸ਼ੰ ਏਹਓਟਪੁਰ

ਗ੍ਰਿਫਤਾਰ ਦੋਸ਼ੀ ਦਾ ਨਾਮ ਪਤਾ :-

1. ਸਨੀ ਪੁੱਤਰ ਜੋਗਿੰਦਰ ਸਿੰਘ ਵਾਸੀ ਬੁੱਝੀ ਪਿੰਡ ਥਾਣਾ ਮਹਿਤਪੁਰ

# ਮਨਜਿੰਦਰ ਸਿਰਸਾ ਨੂੰ ਆਪ ਆਗੂਆਂ ਨੇ ਦਿੱਤਾ ਮੂੰਹ ਤੋੜ ਜਵਾਬ, ਕਿਹਾ- ਦਿੱਲੀ ਦੀ ਆਪਣੀ ਸਰਕਾਰ ਸੰਭਾਲੋ, ਪੰਜਾਬ ਦੀ ਚਿੰਤਾ ਛੱਡੋ

**ਲੁਧਿਆਣਾ**

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਬੁੱਧਵਾਰ ਨੂੰ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਵੱਲੋਂ ਪੰਜਾਬ ਸਰਕਾਰ ਵਿਰੁੱਧ ਲਗਾਏ ਗਏ ਬੇਬੁਨਿਆਦ ਦੋਸ਼ਾਂ ਦਾ ਸਖ਼ਤ ਜਵਾਬ ਦਿੱਤਾ। 'ਆਪ' ਆਗੂਆਂ ਮਲਵਿੰਦਰ ਕੰਗ ਅਤੇ ਨੀਲ ਗਰਗ ਨੇ ਸਿਰਸਾ ਦੇ ਸ਼ੱਕੀ ਅਤੀਤ ਅਤੇ ਭਾਜਪਾ ਸ਼ਾਸਨ ਅਧੀਨ ਦਿੱਲੀ ਵਿੱਚ ਤੇਜ਼ੀ ਨਾਲ ਵਿਗੜ ਰਹੇ ਸ਼ਾਸਨ ਨੂੰ ਉਜਾਗਰ ਕੀਤਾ ਅਤੇ ਸਿਰਸਾ ਨੂੰ ਪੰਜਾਬੀਆਂ ਨੂੰ ਉਪਦੇਸ਼ ਨਾ ਦੇਣ ਦੀ ਸਲਾਹ ਦਿੱਤੀ। ਮਲਵਿੰਦਰ ਕੰਗ ਨੇ ਪੰਜਾਬ ਵਿੱਚ ਦਹਾਕੇ ਲੰਬੇ ਅਕਾਲੀ-ਭਾਜਪਾ ਸ਼ਾਸਨ ਦੌਰਾਨ ਸੁਖਬੀਰ ਸਿੰਘ ਬਾਦਲ ਦੇ ਓਐਸਡੀ ਵਜੋਂ ਸਿਰਸਾ ਦੀ ਭੂਮਿਕਾ ਨੂੰ ਉਜਾਗਰ ਕੀਤਾ।



ਉਨ੍ਹਾਂ ਕਿਹਾ ÷ਹਰ ਕੋਈ ਜਾਣਦਾ ਹੈ ਕਿ ਉਹ ਦੌਰ ਜਿਸ ਵਿੱਚ ਸਿਰਫ਼ ਭ੍ਰਿਸ਼ਟਾਚਾਰ, ਨਸ਼ਿਆਂ ਦਾ ਕਹਿਰ ਅਤੇ ਸ਼ਾਸਨ ਦਾ ਪੂਰੀ ਤਰ੍ਹਾਂ ਢਹਿ-ਢੇਰੀ ਹੋਇਆ। ਸਿਰਸਾ ਉਸੇ ਘਟੀਆ ਸਿਸਟਮ ਦਾ ਹਿੱਸਾ ਸਨ। ਉਨ੍ਹਾਂ ਲਗਭਗ 1 ਕਰੋੜ ਦੇ ਗੁਰਦੁਆਰਾ ਫੰਡਾਂ ਦੀ ਕਥਿਤ ਦੁਰਵਰਤੋਂ ਨੂੰ ਵੀ ਉਜਾਗਰ ਕੀਤਾ, ਜਿਸ ਕਾਰਨ 2021 ਵਿੱਚ ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਦੁਆਰਾ ਉਨ੍ਹਾਂ ਦੇ ਖ਼ ?ਲਾਫ਼ ਐਫਆਈਆਰ ਦਰਜ ਕੀਤੀ ਗਈ ਸੀ। ਕੰਗ ਨੇ ਕਿਹਾ, ÷ਜਦੋਂ ਪੁਲਿਸ ਨੇ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਸਿਰਸਾ ਆਪਣੇ ਆਪ ਨੂੰ ਬਚਾਉਣ ਲਈ ਭਾਜਪਾ ਵਿੱਚ ਸ਼ਾਮਲ ਹੋ ਗਏ।÷ ਨੀਲ ਗਰਗ ਨੇ ਦਿੱਲੀ ਵਿੱਚ ਕੈਬਨਿਟ ਮੰਤਰੀ ਵਜੋਂ ਮਨਜਿੰਦਰ ਸਿੰਘ ਸਿਰਸਾ ਦੀ ਭੂਮਿਕਾ ਦੀ ਆਲੋਚਨਾ ਕੀਤੀ, ਅਤੇ ਕੁਝ ਹੀ ਮਹੀਨਿਆਂ ਵਿੱਚ ਭਾਜਪਾ ਸਰਕਾਰ ਦੀਆਂ ਸਪੱਸ਼ਟ ਅਸਫਲਤਾਵਾਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਟੈਂਕਰ ਮਾਫ਼ੀਆ ਦੇ ਦੋਬਾਰਾ ਉੱਭਰਨ ਕਾਰਨ ਪੈਦਾ ਹੋਏ ਗੰਭੀਰ ਪਾਣੀ ਦੇ ਸੰਕਟ, ਰੋਜ਼ਾਨਾ ਬਿਜਲੀ ਕੱਟਾਂ ਵੱਲ ਇਸ਼ਾਰਾ ਕੀਤਾ ਜੋ ਉਨ੍ਹਾਂ ਦਿਨਾਂ ਦੀ ਯਾਦ ਦਿਵਾਉਂਦੇ ਹਨ ਜਦੋਂ ਇਨਵਰਟਰ ਲਾਜ਼ਮੀ ਸਨ, ਅਤੇ ਪ੍ਰਾਈਵੇਟ ਸਕੂਲਾਂ ਦੀਆਂ ਵਧਦੀਆਂ ਫ਼ੀਸਾਂ ਜੋ ਮਾਪਿਆਂ ਲਈ ਅਸਹਿ ਬੋਝ ਬਣ ਗਈਆਂ ਹਨ।

# ਰੂਸ ਨੇ ਯੂਕਰੇਨ ਵਿੱਚ ਮਚਾਈ ਤਬਾਹੀ, ਡਰੋਨ ਅਤੇ ਮਿਜ਼ਾਈਲਾਂ ਨਾਲ ਕੀਤਾ ਹਮਲਾ ; 3 ਦੀ ਮੌਤ, ਕਈ ਜ਼ਖਮੀ

**ਯੂਕਰੇਨ** - ਯੂਕਰੇਨ ਦੇ ਭਿਆਨਕ ਡਰੋਨ ਹਮਲੇ ਤੋਂ ਬਾਅਦ ਰੂਸ ਨੇ ਯੂਕਰੇਨ 'ਤੇ ਤਾਬੜਤੋੜ ਹਮਲਾ ਕੀਤਾ ਹੈ, ਜਿਸ ਨਾਲ ਯੂਕਰੇਨ ਵਿੱਚ ਤਬਾਹੀ ਮਚ ਗਈ ਹੈ। ਰੂਸ ਨੇ ਸ਼ਨੀਵਾਰ ਨੂੰ ਪੂਰਬੀ ਯੂਕਰੇਨ ਦੇ ਸ਼ਹਿਰ ਖਾਰਕੀਵ 'ਤੇ ਇੱਕ ਭਿਆਨਕ ਡਰੋਨ ਅਤੇ ਮਿਜ਼ਾਈਲ ਹਮਲਾ ਕੀਤਾ, ਜਿਸ ਵਿੱਚ ਘੱਟੋ-ਘੱਟ 3 ਲੋਕ ਮਾਰੇ ਗਏ ਅਤੇ 21 ਜ਼ਖਮੀ ਹੋ ਗਏ। ਯੂਕਰੇਨ ਦੇ ਸਥਾਨਕ ਅਧਿਕਾਰੀਆਂ ਨੇ ਇਸਦੀ ਪੁਸ਼ਟੀ ਕੀਤੀ ਹੈ।

**18 ਇਮਾਰਤਾਂ ਢਹਿ ਗਈਆਂ**

ਇਹ ਹਮਲਾ ਰੂਸ ਦੁਆਰਾ ਯੂਕਰੇਨ 'ਤੇ ਲਗਾਤਾਰ ਅਤੇ ਵਿਆਪਕ ਹਮਲਿਆਂ ਦੀ ਲੜੀ ਵਿੱਚ ਇੱਕ ਹੋਰ ਖ਼ਤਰਨਾਕ ਕਦਮ ਹੈ। ਖਾਰਕੀਵ ਦੇ ਮੇਅਰ ਇਗੋਰ ਤੇਰੇਖੋਵ ਨੇ ਕਿਹਾ ਕਿ ਹਮਲੇ ਵਿੱਚ 18 ਬਹੁ-ਮੰਜ਼ਿਲਾ ਇਮਾਰਤਾਂ ਅਤੇ 13 ਨਿੱਜੀ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਸ਼ੁਰੂਆਤੀ ਜਾਣਕਾਰੀ ਅਨੁਸਾਰ ਰੂਸ ਨੇ ਇਸ ਹਮਲੇ ਵਿੱਚ 48 ਡਰੋਨ', 2 ਮਿਜ਼ਾਈਲਾਂ ਅਤੇ 4 ਹਵਾਈ ਗਲਾਈਡ ਬੰਬਾਂ ਦੀ ਵਰਤੋਂ ਕੀਤੀ। ਹਵਾਈ ਗਲਾਈਡ ਬੰਬਾਂ ਨੂੰ ਬਹੁਤ ਘਾਤਕ ਮੰਨਿਆ ਜਾਂਦਾ ਹੈ, ਕਿਉਂਕਿ ਉਹ ਸਟੀਕਤਾ ਨਾਲ ਟੀਚੇ ਨੂੰ ਸਾਧਦੇ ਹਨ ਅਤੇ ਵੱਡੇ ਪੱਧਰ 'ਤੇ ਤਬਾਹੀ ਮਚਾ ਸਕਦੇ ਹਨ।

**ਯੂਕਰੇਨ ਨੇ ਮਚਾਈ ਸੀ ਤਬਾਹੀ**

ਹਾਲ ਹੀ ਵਿੱਚ ਯੂਕਰੇਨ ਨੇ ਡਰੋਨਾਂ ਰਾਹੀਂ ਰੂਸ 'ਤੇ ਹਮਲਾ ਕੀਤਾ। ਰਾਇਟਰਜ਼ ਨੇ ਤਿੰਨ ਓਪਨ ਸੋਰਸ ਵਿਸ਼ਲੇਸ਼ਕਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਯੂਕਰੇਨ ਦੁਆਰਾ ਰੂਸ ਦੇ ਅੰਦਰ ਡਰੋਨ ਹਮਲਾ ਕਰਨ ਤੋਂ ਥੋੜ੍ਹੀ ਦੇਰ ਬਾਅਦ ਲਈਆਂ ਗਈਆਂ ਰੂਸੀ ਹਵਾਈ ਅੱਡਿਆਂ ਦੀਆਂ ਸੈਟੇਲਾਈਟ ਤਸਵੀਰਾਂ ਦਰਸਾਉਂਦੀਆਂ ਹਨ ਕਿ ਕਈ ਬੰਬਾਰ ਜਹਾਜ਼ ਤਬਾਹ ਹੋ ਗਏ ਸਨ ਅਤੇ ਬੁਰੀ ਤਰ੍ਹਾਂ ਨੁਕਸਾਨੇ ਗਏ ਸਨ।

**117 ਡਰੋਨਾਂ ਨਾਲ ਕੀਤਾ ਸੀ ਹਮਲਾ**

ਯੂਕਰੇਨ ਨੇ ਟੀਚਿਆਂ ਦੇ ਨੇੜੇ ਕੰਟੇਨਰਾਂ ਤੋਂ ਲਾਂਚ ਕੀਤੇ ਗਏ 117 ਮਨੁੱਖ ਰਹਿਤ ਹਵਾਈ ਵਾਹਨਾਂ ਦੀ ਵਰਤੋਂ ਕਰਕੇ ਰੂਸ ਭਰ ਵਿੱਚ ਲਗਭਗ ਚਾਰ ਹਵਾਈ ਅੱਡਿਆਂ ਨੂੰ ਨਿਸ਼ਾਨਾ ਬਣਾਇਆ। ਰਾਇਟਰਜ਼ ਦੁਆਰਾ ਪ੍ਰਮਾਣਿਤ ਕਾਰਵਾਈ ਦੀ ਡਰੋਨ ਫੁਟੇਜ ਦਰਸਾਉਂਦੀ ਹੈ ਕਿ ਦੋ ਨੇੜਲੇ ਸਥਾਨਾਂ 'ਤੇ ਕਈ ਜਹਾਜ਼ਾਂ 'ਤੇ ਹਮਲਾ ਕੀਤਾ ਗਿਆ ਸੀ।